ਤਰਸੇਮ ਸਿੰਘ ਘੁੰਮਣ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਦਰਪੇਸ਼ ਮੁਸ਼ਕਿਲਾਂ, ਮੁਸੀਬਤਾਂ ਤੇ ਸਮੱਸਿਆਵਾਂ ਨੂੰ ਪੇਸ਼ ਕਰਨ ਦਾ ਹਰ ਸੰਭਵ ਯਤਨ ਕਰਦਾ ਹੈ। ਨਿਰੰਤਰ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਅਨਪੜ੍ਹਤਾ-ਅਗਿਆਨਤਾ, ਘੋਰ ਗੁਰਬਤ, ਅਮੀਰੀ-ਗਰੀਬੀ 'ਚ ਵੱਧ ਰਿਹਾ ਪਾੜ੍ਹਾ, ਕਾਲਾ ਧਨ, ਵਿਦੇਸ਼ੀ ਬੈਂਕਾਂ 'ਚ ਭਾਰਤੀ ਧਨ-ਕੁਬੇਰਾਂ ਦੀ ਬੇਬਹਾ ਜਮ੍ਹਾਂ ਮਾਇਆ, ਚੋਣਾਂ 'ਚ ਨੋਟਾਂ, ਨਸ਼ਿਆਂ ਤੇ ਨੌਕਰਸ਼ਾਹੀ ਦਾ ਵਧਦਾ ਦਖ਼ਲ, ਨਸ਼ਿਆਂ ਦਾ ਪ੍ਰਕੋਪ, ਰਾਜਨੀਤੀਵਾਨਾਂ ਤੇ ਅਫ਼ਸਰਸ਼ਾਹਾਂ ਦੀ ਲੋਕ ਵਿਰੋਧੀ ਭੂਮਿਕਾ, ਹਾਕਮਾਂ ਦਾ ਜ਼ੁਲਮ-ਜਬਰ ਤੇ ਅਨਿਆਂ, ਦੇਸ਼ ਦੀ ਕਿਸਾਨੀ ਤੇ ਜਵਾਨੀ ਦੀ ਤਰਸਯੋਗ ਹਾਲਤ, ਭਾਰਤੀ ਤੇ ਪ੍ਰਾਂਤਕ ਸਰਕਾਰਾਂ ਵੱਲੋਂ ਬਣਾਏ ਕਮਿਸ਼ਨਾਂ ਦੀ ਹੋਣੀ, ਕਥਿਤ ਹਰੇ ਇਨਕਲਾਬ ਦੇ ਘਾਤਕ ਪ੍ਰਭਾਵ, ਸਿੱਖਿਆ ਤੇ ਸਿਹਤ ਸੇਵਾਵਾਂ ਦਾ ਵੱਡੇ ਪੱਧਰ 'ਤੇ ਵਪਾਰੀਕਰਨ, ਵਧ ਰਹੀਆਂ ਲੁੱਟਾਂ-ਖੋਹਾਂ ਤੇ ਗੁੰਡਾਗਰਦੀ ਦੀਆਂ ਘਟਨਾਵਾਂ, ਆਮ ਬੰਦੇ ਦੀ ਹੋਣੀ, ਜ਼ਿੰਦਗੀ ਦੇ ਦੁੱਖ, ਜੀਵਨ 'ਚ ਆਉਂਦੀਆਂ ਮੁਸ਼ਕਿਲਾਂ-ਮੁਸੀਬਤਾਂ, ਨਸ਼ਾ ਤਸਕਰੀ ਤੇ ਨਸ਼ਿਆਂ ਦਾ ਪ੍ਰਵਾਹ ਪੰਜਾਬ ਦੀ ਜਵਾਨੀ ਬਰਬਾਦ ਕਰ ਰਿਹਾ ਹੈ, ਫਿਰਕੂ ਵੰਡੀਆਂ ਤੇ ਧਾਰਮਿਕ ਕਰਮ-ਕਾਂਡਾਂ ਦਾ ਨਿਖੇਧ, ਪੂਜਾ-ਪਾਠਾਂ ਦੀ ਨਿਰਾਰਥਕਤਾ ਤੇ ਪੂਜਾ-ਪਾਠਾਂ ਦਾ ਵਪਾਰ ਬਣ ਜਾਣਾ, 50ਵਿਆਂ ਤੇ 60ਵਿਆਂ ਦੇ ਪੰਜਾਬ ਨੂੰ ਅਵਾਜ਼ਾਂ, ਅਤੀਤ ਦਾ ਮੋਹ ਅਤੇ ਗਰੀਬੀ ਚਿਤਰਣ ਵੇਲੇ ਰੱਬ/ਸਰਵ-ਸ਼ਕਤੀਮਾਨ ਨੂੰ ਉਲਾਹਮਾਂ ਆਦਿ ਉਸ ਦੀ ਕਾਵਿ-ਸਿਰਜਣਾ ਦਾ ਵਿਸ਼ੇ-ਵਸਤੂ ਹਨ। ਅਸਲ 'ਚ ਜਦੋਂ ਬੰਦਾ ਵਰਤਮਾਨ ਨਾਲ ਸੰਤੁਸ਼ਟ ਨਾ ਹੋਵੇ ਤਾਂ ਉਹ ਬੀਤੇ ਸਮਿਆਂ ਨੂੰ ਯਾਦ ਕਰਦਾ ਹੈ ਅਤੇ "ਸ਼ਾਨਦਾਰ ਅਤੀਤ" ਵਿਚੋਂ ਸੰਤੁਸ਼ਟੀ ਭਾਲਦਾ ਹੈ। ਪੁਰਾਣੇ ਪੇਂਡੂ ਜਨ-ਜੀਵਨ ਦਾ ਘੁੰਮਣ ਇਸੇ ਕਾਰਨ ਜੱਸ ਗਾਇਨ ਕਰਦਾ ਹੈ।ਅਸਲ 'ਚ 70 ਸਾਲਾਂ ਦੇ ਸਵੈ-ਸ਼ਾਸ਼ਨ ਤੋਂ ਬਾਅਦ ਵੀ ਗਰੀਬਾਂ ਦੀ ਤਰਸਯੋਗ ਹਾਲਤ ਅਤੇ ਔਰਤਾਂ ਦਾ ਦੂਜੈਲਾ ਸਥਾਨ ਤਰਸੇਮ ਸਿੰਘ ਘੁੰਮਣ ਨੂੰ ਪੀੜੋ-ਪੀੜ ਕਰਦਾ ਹੈ।ਵਧ ਰਹੇ ਸੜਕੀ ਹਾਦਸੇ ਅਤੇ ਪੰਜਾਬ ਦੀ ਵਰਤਮਾਨ ਤਰਸਯੋਗ ਹਾਲਤ ਅਤੇ ਘੋਰ ਸਵਾਰਥ ਦੇ ਜੜ੍ਹ ਫੜ ਜਾਣਾ ਵੀ ਉਸ ਨੂੰ ਦੁਖੀ ਕਰਦਾ ਹੈ।ਗਰੀਬੀ ਚਿਤਰਣ ਸਮੇਂ ਉਹ ਸਰਵ-ਸ਼ਕਤੀਮਾਨ ਸਮਝੇ ਜਾਂਦੇ ਪ੍ਰਮਾਤਮਾ/ਰੱਬ ਦੀ ਹੋਂਦ ਨੂੰ ਚੁਣੌਤੀ ਦਿੰਦਾ ਪ੍ਰਤੀਤ ਹੁੰਦਾ ਹੈ।

-ਅਨੂਪ ਸਿੰਘ (ਡਾ.)

Forever Learning

ISBN 978-93-5204-703-1

9 789352 047031

www.unistarbooks.com ₹/250/-



# ਭੱਖਦੇ ਅੰਗਿਆਰ

ਤਰਸੇਮ ਸਿੰਘ ਘੁੰਮਣ

ISBN :

**Bakhda Angiyar**
**Tarsem Singh Ghuman**

2016

Published, printed & bound
by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2016*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



# ਤਤਕਰਾ

| | | |
|---|---|---|
| 1. | ਅੰਤ ਇਕੋ ਰਸਤਾ | 1 |
| 2. | ਗਰੀਬ ਤੇ ਆਈ ਜਵਾਨੀ | 2 |
| 3. | ਪੰਜਾਬੀਓ ! ਜਾਗਦੇ ਕਿ ਸੁੱਤੇ ? | 3 |
| 4. | ਮੋਇਆਂ ਸਾਥ ਨਾ ਜਾਏ | 5 |
| 5. | ਜ਼ਰੂਰਤਾਂ ਬਨਾਮ ਖਾਹਿਸ਼ਾਂ | 6 |
| 6. | ਸੋਚ ਨੂੰ ਪਰ ਲੱਗ ਜਾਣ | 7 |
| 7. | ਵਕਤ ਨਹੀਂ ਪ੍ਰਾਹੁਣਾ | 8 |
| 8. | ਪੰਜਾਬੀ ਬੋਲੀ | 9 |
| 9. | ਇਕ ਵੀਰ ਦੇਵੀਂ ਵੇ ਰੱਬਾ | 10 |
| 10. | ਰੱਬ ਕਿੱਥੇ ਵੱਸਦਾ | 12 |
| 11. | ਕੱਲੇ ਆਏ ਕੱਲੇ ਤੁਰ ਜਾਣਾ | 13 |
| 12. | ਸਵੇਰ | 14 |
| 13. | ਕਿੱਥੇ ਪੀਂਘ ਚੜ੍ਹਾਵਾਂ | 15 |
| 14. | ਜਵਾਨੀ ਅਤੇ ਬੁਢਾਪਾ | 17 |
| 15. | ਗਮਾਂ ਦੀ ਚਾਦਰ | 18 |
| 16. | ਨਵੇਂ ਦੀਆਂ ਉਡੀਕਾਂ | 19 |
| 17. | ਜੇ ਮਾਂ ਗਈ ਨੂੰ | 20 |
| 18. | ਇਹ ਤੇਰਾ ਇਨਸਾਫ਼ | 22 |
| 19. | ਮਾਂ ਜੇ ਤੂੰ ਨਾ ਹੁੰਦੀ | 23 |
| 20. | ਸਭ ਦਾ ਹੋ ਕੇ ਵੇਖ ਲਿਆ | 24 |
| 21. | ਧੀ ਦੀ ਲੋਹੜੀ | 26 |
| 22. | ਪਿੰਡ ਦੀ ਨੁਹਾਰ | 27 |
| 23. | ਪਿੰਡ ਦੀਆਂ ਗਲੀਆਂ | 28 |
| 24. | ਖੇਤਾਂ ਦਾ ਰਾਜਾ | 29 |
| 25. | ਜ਼ਿੰਦਗੀ ਦਾ ਫ਼ਲਸਫ਼ਾ | 31 |
| 26. | ਸਾਹਿਬ ਸਾਡਾ | 32 |

27. ਪਤੀ ਪਤਨੀ ਦਾ ਤਲਾਕ 34
28. ਅਜੋਕੀ ਸਿਆਸਤ 36
29. ਖਾਲੀ ਹੱਥ 37
30. ਤੇਰਾ ਸ਼ੁਕਰ ਦਾਤਿਆ 38
31. ਪੁੱਠੀ ਗਿਣਤੀ 40
32. ਕੀ ਹੈ ਜ਼ਿੰਦਗੀ 41
33. ਪਲ ਪਲ ਕੀਮਤੀ 42
34. ਇਕ ਤਰਫਾ ਪਿਆਰ 43
35. ਦਰਦ ਕਹਾਣੀ 44
36. ਨਸ਼ਾ ਤਿਆਗੋ 45
37. ਸ਼ਰਾਬੀ ਦਾ ਤਰਕ 46
38. ਤਰਕਹੀਣ ਸਿਆਸਤ 47
39. ਦਿਨ ਕੋਈ ਵੀ ਹੋਵੇ 48
40. ਜ਼ਿੰਦਗੀ ਪਲ ਪਲ 49
41. ਸਿੱਖ ਨੂੰ ਤਾੜਨਾ 50
42. ਕੌਣ ਆਪਣੇ ਕੌਣ ਪਰਾਏ 51
43. ਵਿਸ਼ਵਾਸ਼ 52
44. ਉੱਚੀਆਂ ਮੰਜ਼ਿਲਾਂ 53
45. ਧਰਮ ਅਤੇ ਸਿਆਸਤ 54
46. ਜ਼ਿੰਦਗੀ ਦੇ ਪਲ 55
47. ਨਾ ਮੈਂ ਕੋਈ ਲਿਖਾਰੀ 56
48. ਝੂਠ ਦਾ ਖੱਟਿਆ 57
49. ਜ਼ਮਾਨਾ ਬਦਲ ਗਿਆ 58
50. ਮਨੁੱਖੀ ਕਹਿਰ 59
51. ਸ਼ੁਹਰਤ ਦੇ ਭੁੱਖੇ 60
52. ਇਕੱਲੇ ਦੇ ਇਕੱਲੇ 61
53. ਦੁਨੀਆਂ ਵਿਸ਼ਾਲ 62
54. ਦੋਸਤ ਦੀ ਦੋਸਤੀ 63
55. ਇਕ ਖਾਹਿਸ਼ 64
56. ਆਖਰੀ ਸ਼ਾਮ ਦੋਸਤੋਂ ਕੇ ਨਾਮ 65





57. ਕੱਖੋਂ ਲੱਖ ਤੇ ਲੱਖੋਂ ਕੱਖ 66
58. ਧੋਖੇਬਾਜ਼ ਯਾਰ 68
59. ਦੁੱਖ ਮੁਸੀਬਤ ਅਤੇ ਮੌਤ 69
60. ਕੈਸਾ ਲੋਕਰਾਜ 70
61. ਸਿਹਤ ਨਿਆਮਤ 72
62. ਪਹੁ ਵੇਲਾ 73
63. ਉਮਰਾਂ ਦਾ ਰੋਗ 74
64. ਹੱਕਾਂ ਦੀ ਲੜਾਈ 75
65. ਇਕ ਸੱਚਾਈ 76
66. ਗਰੀਬ ਦੀ ਸੋਚ 77
67. ਨਸ਼ੇ ਦੀਏ ਬੰਦ ਬੋਤਲੇ 78
68. ਕਾਨੂੰਨ ਨਿਰਮਾਤਾ 79
69. ਗੁਨਾਹ ਕਿ ਪੁੰਨ? 81
70. ਲਾਲਚ 82
71. ਤਸਵੀਰਾਂ ਬੋਲਦੀਆਂ 83
72. ਆਜ਼ਾਦੀ ਦੀ ਲਹਿਰ 85
73. ਭਗਤ ਸਿੰਹਾਂ 86
74. ਔਰਤ ਦੀ ਗੋਦ 87
75. ਖਿਡਾਰੀਆਂ ਦਾ ਮਾਣ ਸਤਿਕਾਰ 88
76. ਔਰਤ ਮਰਦ ਦੀ ਸੋਚ 89
77. ਕੈਸੀ ਆਜ਼ਾਦੀ 90
78. ਲੋਕ-ਰਾਜ 91
79. ਸਮੁੰਦਰੋਂ ਪਾਰ 92
80. ਜੈ ਜਵਾਨ ਜੈ ਕਿਸਾਨ 93
81. ਰੈਣ ਬਸੇਰਾ 94
82. ਤੇਰਾ ਕਮਾਲ! 95
83. ਗਿਲੇ ਸ਼ਿਕਵੇ 97
84. ਤੇਰੀ ਦੀਦ 98
85. ਸੱਚੀਆਂ ਗੱਲਾਂ 99
86. ਆਪਣੇ ਪਰਾਏ 100

87. ਜੀਵਨ ਦੇ ਰੁਝੇਵੇਂ 102
88. ਇਸ਼ਕ ਸਾਂਈਂ ਦਾ 103
89. ਚੜ੍ਹਦੇ ਸੂਰਜ ਨੂੰ ਸਲਾਮ 105
90. ਸੁਪਨਿਆਂ ਦੀ ਮੰਗੇਤਰ 106
91. ਪਿਆਰ ਦੀ ਬਾਜ਼ੀ 107
92. ਗਰੀਬ ਦੀਆਂ ਅਸੀਸਾਂ 108
93. ਸੋਚ ਬਦਲਾਓ 110
94. ਸੱਚ ਝੂਠ ਦਾ ਬਾਜ਼ਾਰ 112
95. ਸਾਇੰਸ ਦਾ ਯੁੱਗ 113
96. ਜ਼ਿੰਦਗੀ ਦਾ ਸੱਚ 114
97. ਭਿਖਾਰੀ ਦੀ ਦਾਸਤਾਂ 115
98. ਸੁੱਖ ਅਤੇ ਸ਼ਾਂਤੀ 117
99. ਗਿਆਨ ਦੀ ਖੋਜ 118
100. ਬੇਸਹਾਰਾ 119
101. ਸਾਂਝ ਦਿਲਾਂ ਦੀ 120
102. ਬਦਲਾਅ ਦੀ ਲੋੜ 121
103. ਜਿਊਂਦੀ ਲਾਸ਼ 123
104. ਨਵਾਂ ਸਾਲ ਜੀਅ ਆਇਆਂ ਨੂੰ 124
105. ਕੈਸੀ ਆਜ਼ਾਦੀ 125
106. ਇਹਨੂੰ ਤੁਸੀਂ ਆਜ਼ਾਦੀ ਕਹਿੰਦੇ 127
107. ਸ਼ਹੀਦਾਂ ਦੀ ਸੋਚ ਹੋਰ 129
108. ਭਾਰਤ ਦੇਸ਼ ਦਾ ਭਵਿੱਖ 131
109. ਢਿੱਡੋਂ ਭੁੱਖੇ 133
110. ਅੰਧਾ ਬਹਿਰਾ ਕਾਨੂੰਨ 134
111. ਕਰੋਧ ਵਿਰੋਧ 136
112. ਕੀ ਹੈ ਨਵਾਂ ਸਾਲ 137
113. ਆਜ਼ਾਦੀ ਲਈ ਮਿਟਣ ਵਾਲੇ 138



# ਭੱਖਦੇ ਅੰਗਿਆਰ : ਜੰਮਣ ਭੌਂਇ ਦਾ ਦਰਦ

ਪੰਜਾਬੀਆਂ ਦਾ ਇਕ ਹਿੱਸਾ ਉਚੇਰਾ ਤੇ ਚੰਗੇਰਾ ਜੀਵਨ ਪੱਧਰ ਪ੍ਰਾਪਤ ਕਰਨ ਲਈ ਵਿਦੇਸ਼ੀ ਧਰਤੀਆਂ 'ਤੇ ਵੱਸਿਆ ਹੋਇਆ ਹੈ। ਇਨ੍ਹਾਂ 'ਚੋਂ ਬਹੁਤ ਵੱਡੀ ਗਿਣਤੀ ਨੇ ਮਨ-ਇੱਛਿਤ ਜੀਵਨ-ਸ਼ੈਲੀ ਪ੍ਰਾਪਤ ਕਰ ਲਈ ਹੈ। ਉਹ ਭੌਤਿਕ/ਪਦਾਰਥਿਕ ਪੱਖੋਂ ਸੰਤੁਸ਼ਟ ਹਨ, ਪਰ ਉਨ੍ਹਾਂ ਦੀ ਪਹਿਲੀ-ਦੂਜੀ ਪੀੜ੍ਹੀ ਵਿਸ਼ੇਸ਼ ਕਰਕੇ ਜਿਹੜੇ ਇੱਧਰੋਂ ਜਾਣ ਵੇਲੇ ਚੇਤਨ ਸਨ। ਮਾਨਸਿਕ ਤੌਰ 'ਤੇ ਪੂਰਨ ਰੂਪ 'ਚ ਸੰਤੁਸ਼ਟ ਨਹੀਂ ਹਨ। ਕਾਰਨ? ਉਨ੍ਹਾਂ ਦੀਆਂ ਜੜ੍ਹਾਂ, ਵਿਰਾਸਤ ਤੇ ਪਿੱਤਰੀ ਭਾਈਚਾਰੇ ਦਾ ਵੱਡਾ ਹਿੱਸਾ ਇੱਧਰ ਹੈ। ਇਸੇ ਲਈ ਉਹ ਆਪਣੀ ਸੁਵਿਧਾ ਅਨੁਸਾਰ ਏਧਰ ਗੇੜ੍ਹਾ ਲਾਉਂਦੇ ਰਹਿੰਦੇ ਹਨ। ਇਥੋਂ ਦੇ ਅਤੇ ਪ੍ਰਵਾਸ ਵਾਲੇ ਦੇਸ਼ ਵਿਚਲੇ ਜਨ-ਜੀਵਨ ਦਾ ਮੁਕਾਬਲਾ ਕਰਦੇ ਹਨ। ਸਮੁੱਚੇ ਰੂਪ 'ਚ ਉਹ ਇਧਰਲੇ ਪੰਜਾਬੀ ਜਨ-ਜੀਵਨ ਤੇ ਸ਼ੈਲੀ ਨਾਲ ਸੰਤੁਸ਼ਟ ਨਹੀਂ ਹਨ। ਉਹ ਆਪਣੇ ਆਪ ਨੂੰ ਪੰਜਾਬ ਨਾਲ ਜੋੜੀ ਰੱਖਣਾ ਚਾਹੁੰਦੇ ਹਨ। ਉਹ ਸਕੂਲਾਂ, ਖੇਡ ਮੈਦਾਨਾਂ, ਬਿਰਧ ਆਸ਼ਰਮਾਂ, ਪੂਜਾ ਸਥਾਨਾਂ ਅਤੇ ਅਜਿਹੇ ਹੋਰ ਸਮਾਜਕ ਭਲਾਈ ਦੇ ਕਾਰਜਾਂ ਲਈ ਬਣਦਾ-ਸਰਦਾ ਹਿੱਸਾ ਪਾਉਂਦੇ ਹਨ। ਉਨ੍ਹਾਂ ਦੇ ਮਨ-ਮਸਤਕਾਂ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਬਿਹਤਰੀ ਲਈ ਕੁਝ ਚੰਗਾ ਕਰਨ ਦੀ ਤਾਂਘ ਹੈ। ਉਨ੍ਹਾਂ 'ਚੋਂ ਜਿਹੜੇ ਪੜ੍ਹੇ-ਲਿਖੇ ਹਨ ਅਤੇ ਸ਼ਬਦ ਦੀ ਮਹਾਨਤਾ ਤੋਂ ਜਾਣੂ ਹਨ, ਉਹ ਸ਼ਬਦ ਸਾਧਨਾਂ ਰਾਹੀਂ ਪੰਜਾਬੀਆਂ ਦੀਆਂ ਮੁਸ਼ਕਿਲਾਂ, ਮੁਸੀਬਤਾਂ ਤੇ ਸਮੱਸਿਆਵਾਂ ਨੂੰ ਉਭਾਰਦੇ ਹਨ। ਉਹ ਹਰ ਸਾਹਿਤਿਕ ਵਿਧੀ ਦੀ ਵਰਤੋਂ ਕਰ ਰਹੇ ਹਨ। ਵੱਖ-ਵੱਖ ਕਾਰਨਾਂ ਕਰਕੇ ਕਵਿਤਾ ਤੇ ਇਸ ਦੀਆਂ ਵੱਖ-ਵੱਖ ਵੰਨਗੀਆਂ ਨੂੰ ਉਹ ਬਾਖੂਬੀ ਵਰਤ ਰਹੇ ਹਨ।

ਸ. ਤਰਸੇਮ ਸਿੰਘ ਘੁੰਮਣ ਵੀ ਉਕਤ ਕਿਸਮ ਦੇ ਪੰਜਾਬੀ ਪ੍ਰਵਾਸੀਆਂ 'ਚੋਂ ਇਕ ਹੈ। ਉਸ ਨੇ ਕਵਿਤਾ ਦੇ ਮਾਧਿਅਮ ਨੂੰ ਆਪਣੇ ਹਾਵਾਂ-ਭਾਵਾਂ, ਅਹਿਸਾਸਾਂ, ਅਨੁਭੂਤੀਆਂ, ਵਿਚਾਰਾਂ ਤੇ ਜਜ਼ਬਾਤਾਂ ਦੇ ਪ੍ਰਗਟਾਵੇ ਲਈ ਵਰਤਿਆ ਹੈ। ਉਹ ਸਰਲ ਤੇ ਸਾਦ-ਮੁਰਾਦੀ ਬੋਲੀ-ਸ਼ੈਲੀ ਵਰਤਦਾ ਹੈ। ਭਾਰੀ-ਭਰਕਮ ਤੇ ਕਠਿਨ ਸ਼ਬਦਾਵਲੀ ਤੋਂ ਉਹ ਪੂਰਾ ਪਰਹੇਜ਼ ਰੱਖਦਾ ਹੈ। ਉਹ ਪਾਠਕਾਂ-ਸਰੋਤਿਆਂ ਨਾਲ ਸੰਵਾਦ ਰਚਾਉਣ ਲਈ ਸੰਬੋਧਨੀ, ਪ੍ਰਸ਼ਨਵਾਚਕ ਤੇ ਉਪਦੇਸ਼ਾਤਮਕ ਸ਼ੈਲੀ ਦੀ ਵਰਤੋਂ ਕਰਦਾ ਹੈ। ਉਹ ਪੰਜਾਬ ਦੀ ਵਰਤਮਾਨ ਦਸ਼ਾ 'ਤੇ ਝੂਰਦਿਆਂ ਵਾਰ-

ਵਾਰ ਬਾਬਾ ਨਾਨਕ ਨੂੰ ਮੁੜ ਫੇਰਾ ਪਾਉਣ ਲਈ ਅਵਾਜ਼ਾਂ ਦਿੰਦਾ ਹੈ। ਆਦਰਸ਼ਵਾਦੀ ਪਹੁੰਚ-ਦ੍ਰਿਸ਼ਟੀ ਹੀ ਸਮਝਣੀ ਚਾਹੀਦੀ ਹੈ ਕਿ ਬਾਬਾ ਨਾਨਕ ਦਾ ਤਾਰਕਿਕ, ਵਿਗਿਆਨਕ ਅਤੇ ਪ੍ਰਸੰਗਿਕ ਸੁਨੇਹਾ ਕੋਲ ਹੋਣ ਦੇ ਬਾਵਜੂਦ ਅਸੀਂ ਕਿਸੇ ਮਹਾਂਪੁਰਖ ਦੀ ਆਮਦ ਦੀ ਉਡੀਕ ਕਰ ਰਹੇ ਹਾਂ। ਉਹ ਪੰਜਾਬੀਆਂ ਦੇ ਆਪਣੇ ਮਹਾਨ ਵਿਰਸੇ ਨੂੰ ਭੁਲਾ ਕੇ ਘੋਰ ਸਵਾਰਥ ਤੇ ਨਿੱਜਮਤ ਖੋਲ੍ਹਾਂ 'ਚ ਦੜ੍ਹਿਆਂ ਨੂੰ ਦੋ ਕਵਿਤਾਵਾਂ 'ਚ ਹਲੂਣਦਿਆਂ ਕਹਿੰਦਾ ਹੈ : "ਪੰਜਾਬੀਓ ਜਾਗਦੇ ਕਿ ਸੁੱਤੇ।"

ਘੁੰਮਣ ਸ਼ਬਦ ਦੀ ਕਰਤਾਰੀ ਮਹੱਤਤਾ ਅਤੇ ਸ਼ਬਦ-ਸਾਧਨਾਂ ਦੀ ਭੂਮਿਕਾ ਤੋਂ ਪੂਰੀ ਤਰ੍ਹਾਂ ਜਾਣੂੰ ਪ੍ਰਤੀਤ ਹੁੰਦਾ ਹੈ। ਉਹ ਸਫ਼ਲ ਸ਼ਬਦ-ਸਾਧਕ ਵੱਲ ਵਧਣ ਲਈ ਘਾਲਣਾ ਘਾਲ ਰਿਹਾ ਹੈ। ਉਹ ਆਪਣੇ ਅਨੁਭਵ, ਵਲਵਲਿਆਂ, ਭਾਵਾਂ ਤੇ ਵਿਚਾਰਾਂ ਨੂੰ ਸ਼ਾਬਦਿਕ ਜਾਮਾ ਪਹਿਨਾਉਂਦਾ ਹੈ। ਇਸ ਪ੍ਰਸੰਗ 'ਚ "ਸੋਚ ਨੂੰ ਪਰ ਲੱਗ ਜਾਣ" ਨਾਮਕ ਨਜ਼ਮ ਵੇਖੀ ਜਾ ਸਕਦੀ ਹੈ। ਉਹ ਮਨੁੱਖੀ ਸਦਗੁਣਾਂ, ਪ੍ਰਵਾਨਿਤ ਨੈਤਿਕਤਾ ਤੇ ਸਦਾਚਾਰਕ ਨੇਮਾਂ-ਨਿਯਮਾਂ ਦੀ ਕਾਵਿਕ ਸਤਰ 'ਤੇ ਵਕਾਲਤ ਕਰਦਾ ਹੈ। ਮਾਦਾ ਭਰੂਣ ਹੱਤਿਆ ਦੀ ਨਿਖੇਧੀ ਤੇ ਵਿਰੋਧ ਕਰਦਿਆਂ ਉਹ ਧੀਆਂ-ਭੈਣਾਂ ਨੂੰ ਬਰਾਬਰੀ ਦਰਜਾ ਦੇਣ ਦੇ ਹੱਕ 'ਚ ਹੈ। ਉਹ ਮਾਵਾਂ ਦੇ ਭਾਈਚਾਰੇ ਨਾਲ ਜਨਮ ਤੋਂ ਮਰਨ ਤੱਕ ਅਤੇ ਜ਼ਿੰਦਗੀ ਦੇ ਹਰ ਖੇਤਰ 'ਚ ਹੋ ਰਹੇ ਵਿਤਕਰੇ ਤੋਂ ਡਾਹਢਾ ਦੁਖੀ ਹੈ। ਉਹ ਵਿਤਕਰੇ, ਵਖਰੇਵੇਂ ਤੇ ਭਿੰਨ-ਭੇਦ ਨੂੰ ਮਿਟਾਉਣਾ ਚਾਹੁੰਦਾ ਹੈ। ਉਹ ਨਿਰੰਤਰ ਕੰਮ ਕਰਦੇ ਰਹਿਣ/ਕਾਰਜਸ਼ੀਲ ਰਹਿਣ ਦਾ ਸਾਰਥਿਕ ਸੁਨੇਹਾ ਦਿੰਦਾ ਹੈ। ਉਹ ਉਚੇਰਾ ਸੋਚਣ ਤੇ ਚੰਗੇਰਾ ਕਰਨ, ਖਾਹਿਸ਼ਾਂ, ਰੀਝਾਂ ਤੇ ਇੱਛਾਵਾਂ ਨੂੰ ਕਾਬੂ 'ਚ ਰੱਖਣ ਦਾ ਪ੍ਰਤੀਮਾਨ ਸਿਰਜਦਾ ਹੈ। ਉਹ ਧੱਕੇ, ਜ਼ੋਰ-ਜ਼ੁਲਮ ਤੇ ਜਬਰ ਸਮੇਂ ਚੁੱਪ ਰਹਿਣ ਦੇ ਵਿਰੁੱਧ ਅਤੇ ਹੱਕ, ਸੱਚ ਤੇ ਨਿਆਂ ਦੇ ਹਿੱਤ ਵਿਚ ਬੋਲਣ ਦਾ ਸੁਨੇਹਾ ਦਿੰਦਾ ਹੈ। ਉਹ ਸਮੇਂ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ "ਸਮਿਆਂ ਤੂੰ ਸੁਲਤਾਨ ਹੈ" ਦਾ ਧਾਰਨੀ ਹੈ। ਉਹ ਮਾਂ-ਬੋਲੀ ਪੰਜਾਬੀ ਨੂੰ ਬਚਾਉਣ ਅਤੇ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣ ਦਾ ਸੱਦਾ ਦਿੰਦਾ ਹੈ।

ਤਰਸੇਮ ਸਿੰਘ ਘੁੰਮਣ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਦਰਪੇਸ਼ ਮੁਸ਼ਕਿਲਾਂ, ਮੁਸੀਬਤਾਂ ਤੇ ਸਮੱਸਿਆਵਾਂ ਨੂੰ ਪੇਸ਼ ਕਰਨ ਦਾ ਹਰ ਸੰਭਵ ਯਤਨ ਕਰਦਾ ਹੈ। ਨਿਰੰਤਰ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਅਨਪੜ੍ਹਤਾ-ਅਗਿਆਨਤਾ, ਘੋਰ ਗੁਰਬਤ, ਅਮੀਰੀ-ਗਰੀਬੀ 'ਚ ਵੱਧ ਰਿਹਾ ਪਾੜ੍ਹਾ, ਕਾਲਾ ਧਨ, ਵਿਦੇਸ਼ੀ ਬੈਂਕਾਂ 'ਚ ਭਾਰਤੀ ਧਨ-ਕੁਬੇਰਾਂ ਦੀ ਬੇਬਹਾ ਜਮ੍ਹਾਂ ਮਾਇਆ,



ਚੋਣਾਂ 'ਚ ਨੋਟਾਂ, ਨਸ਼ਿਆਂ ਤੇ ਨੌਕਰਸ਼ਾਹੀ ਦਾ ਵਧਦਾ ਦਖ਼ਲ, ਨਸ਼ਿਆਂ ਦਾ ਪ੍ਰਕੋਪ, ਰਾਜਨੀਤੀਵਾਨਾਂ ਤੇ ਅਫ਼ਸਰਸ਼ਾਹਾਂ ਦੀ ਲੋਕ ਵਿਰੋਧੀ ਭੂਮਿਕਾ, ਹਾਕਮਾਂ ਦਾ ਜ਼ੁਲਮ-ਜਬਰ ਤੇ ਅਨਿਆਂ, ਦੇਸ਼ ਦੀ ਕਿਸਾਨੀ ਤੇ ਜਵਾਨੀ ਦੀ ਤਰਸਯੋਗ ਹਾਲਤ, ਭਾਰਤੀ ਤੇ ਪ੍ਰਾਂਤਕ ਸਰਕਾਰਾਂ ਵੱਲੋਂ ਬਣਾਏ ਕਮਿਸ਼ਨਾਂ ਦੀ ਹੋਣੀ, ਕਥਿਤ ਹਰੇ ਇਨਕਲਾਬ ਦੇ ਘਾਤਕ ਪ੍ਰਭਾਵ, ਸਿੱਖਿਆ ਤੇ ਸਿਹਤ ਸੇਵਾਵਾਂ ਦਾ ਵੱਡੇ ਪੱਧਰ 'ਤੇ ਵਪਾਰੀਕਰਨ, ਵਧ ਰਹੀਆਂ ਲੁੱਟਾਂ-ਖੋਹਾਂ ਤੇ ਗੁੰਡਾਗਰਦੀ ਦੀਆਂ ਘਟਨਾਵਾਂ, ਆਮ ਬੰਦੇ ਦੀ ਹੋਣੀ, ਜ਼ਿੰਦਗੀ ਦੇ ਦੁੱਖ, ਜੀਵਨ 'ਚ ਆਉਂਦੀਆਂ ਮੁਸ਼ਕਿਲਾਂ-ਮੁਸੀਬਤਾਂ, ਨਸ਼ਾ ਤਸਕਰੀ ਤੇ ਨਸ਼ਿਆਂ ਦਾ ਪ੍ਰਵਾਹ ਪੰਜਾਬ ਦੀ ਜਵਾਨੀ ਬਰਬਾਦ ਕਰ ਰਿਹਾ ਹੈ, ਫਿਰਕੂ ਵੰਡੀਆਂ ਤੇ ਧਾਰਮਿਕ ਕਰਮ-ਕਾਂਡਾਂ ਦਾ ਨਿਖੇਧ, ਪੂਜਾ-ਪਾਠਾਂ ਦੀ ਨਿਰਾਰਥਕਤਾ ਤੇ ਪੂਜਾ-ਪਾਠਾਂ ਦਾ ਵਪਾਰ ਬਣ ਜਾਣਾ, 50ਵਿਆਂ ਤੇ 60ਵਿਆਂ ਦੇ ਪੰਜਾਬ ਨੂੰ ਅਵਾਜ਼ਾਂ, ਅਤੀਤ ਦਾ ਮੋਹ ਅਤੇ ਗਰੀਬੀ ਚਿਤਰਣ ਵੇਲੇ ਰੱਬ/ਸਰਵ-ਸ਼ਕਤੀਮਾਨ ਨੂੰ ਉਲਾਹਮਾਂ ਆਦਿ ਉਸ ਦੀ ਕਾਵਿ-ਸਿਰਜਣਾ ਦਾ ਵਿਸ਼ੇ-ਵਸਤੂ ਹਨ। ਅਸਲ 'ਚ ਜਦੋਂ ਬੰਦਾ ਵਰਤਮਾਨ ਨਾਲ ਸੰਤੁਸ਼ਟ ਨਾ ਹੋਵੇ ਤਾਂ ਉਹ ਬੀਤੇ ਸਮਿਆਂ ਨੂੰ ਯਾਦ ਕਰਦਾ ਹੈ ਅਤੇ "ਸ਼ਾਨਦਾਰ ਅਤੀਤ" ਵਿਚੋਂ ਸੰਤੁਸ਼ਟੀ ਭਾਲਦਾ ਹੈ। ਪੁਰਾਣੇ ਪੇਂਡੂ ਜਨ-ਜੀਵਨ ਦਾ ਘੁੰਮਣ ਇਸੇ ਕਾਰਨ ਜੱਸ ਗਾਇਨ ਕਰਦਾ ਹੈ। ਅਸਲ 'ਚ 70 ਸਾਲਾਂ ਦੇ ਸਵੈ-ਸ਼ਾਸ਼ਨ ਤੋਂ ਬਾਅਦ ਵੀ ਗਰੀਬਾਂ ਦੀ ਤਰਸਯੋਗ ਹਾਲਤ ਅਤੇ ਔਰਤਾਂ ਦਾ ਦੂਜੈਲਾ ਸਥਾਨ ਤਰਸੇਮ ਸਿੰਘ ਘੁੰਮਣ ਨੂੰ ਪੀੜੋ-ਪੀੜ ਕਰਦਾ ਹੈ। ਵਧ ਰਹੇ ਸੜਕੀ ਹਾਦਸੇ ਅਤੇ ਪੰਜਾਬ ਦੀ ਵਰਤਮਾਨ ਤਰਸਯੋਗ ਹਾਲਤ ਅਤੇ ਘੋਰ ਸਵਾਰਥ ਦੇ ਜੜ੍ਹ ਫੜ ਜਾਣਾ ਵੀ ਉਸ ਨੂੰ ਦੁਖੀ ਕਰਦਾ ਹੈ। ਗਰੀਬੀ ਚਿਤਰਣ ਸਮੇਂ ਉਹ ਸਰਵ-ਸ਼ਕਤੀਮਾਨ ਸਮਝੇ ਜਾਂਦੇ ਪ੍ਰਮਾਤਮਾ/ਰੱਬ ਦੀ ਹੋਂਦ ਨੂੰ ਚੁਣੌਤੀ ਦਿੰਦਾ ਪ੍ਰਤੀਤ ਹੁੰਦਾ ਹੈ।

ਸਵੇਰ ਦਾ ਦ੍ਰਿਸ਼/ਪ੍ਰਕ੍ਰਿਤੀ/ਵਾਤਾਵਰਣ/ਦ੍ਰਿਸ਼ ਚਿਤਰਣ, ਮਾਇਆ ਦੇ ਸਾਥ ਨਾ ਜਾਣ, ਮਾਇਆ ਦੀ ਵਕਤੀ ਲੋੜ ਜਾਂ ਸੀਮਤ ਲੋੜ, ਅਤ੍ਰਿਪਤ ਖਾਹਿਸ਼ਾਂ ਬਨਾਮ ਲੋੜਾਂ, ਮੌਤ ਦੀ ਅਟੱਲਤਾ/ਸਰੀਰਕ ਨਾਸ਼ਮਾਨਤਾ, ਮਾਂ ਦੀ ਮਹਾਨਤਾ/ਮਾਂ ਦਾ ਜੱਸ ਗਾਇਨ ਅਤੇ ਮਾਂ ਦੇ ਕੋਈ ਬਦਲ ਨ ਹੋਣ, ਮੋਹ-ਪਿਆਰ, ਇਸ਼ਕ ਦੀਆਂ ਗੱਲਾਂ-ਬਾਤਾਂ, ਅੰਤਰ ਝਾਤ/ਸਵੈ-ਪੜਚੋਲ ਜਾਂ ਆਤਮ ਨਿਰੀਖਣ, ਗੁਰੂ ਨਾਨਕ ਨੂੰ ਅਵਾਜ਼ਾਂ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸਤਿਕਾਰ ਤੇ ਅਜ਼ਾਦੀ ਦੇ ਪ੍ਰਵਾਨਿਆਂ ਨੂੰ ਅਕੀਦਤ ਭੇਟ ਕਰਨੀ ਤਰਸੇਮ ਸਿੰਘ ਘੁੰਮਣ ਦੀ ਕਵਿਤਾ ਦੇ ਹੋਰ ਵਿਸ਼ੇ ਹਨ। ਹੱਥਲੀ ਕਾਵਿ-ਕਿਤਾਬ "ਭਖਦੇ

ਅੰਗਿਆਰ" ਘੁੰਮਣ ਦਾ ਪਹਿਲ-ਪਲੇਠਾ ਸਾਰਥਿਕ ਉਪਰਲਾ ਹੈ। ਉਸ ਨੇ ਸ਼ਬਦ ਸਿਰਜਣਾ ਤੇ ਸ਼ਬਦ ਦੀ ਕਰਤਾਰੀ ਸ਼ਕਤੀ ਨੂੰ ਪਛਾਣਦਿਆਂ ਆਪਣੇ ਸਮੇਂ ਤੇ ਸਮਰੱਥਾ ਨੂੰ ਬਾਖ਼ੂਬੀ ਵਰਤਿਆ ਹੈ। ਉਸ ਦੇ ਇਸ ਪਲੇਠੇ ਕਾਵਿ-ਸੰਗ੍ਰਹਿ ਨੂੰ ਜੀ ਆਇਆ ਆਖਣਾ ਸਾਡਾ ਨੈਤਿਕ ਕਰਤੱਵ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਕਾਵਿ-ਸੰਗ੍ਰਹਿ ਪੰਜਾਬੀ ਪਾਠਕਾਂ ਦੇ ਸਨਮੁੱਖ ਕਰਦਿਆਂ ਤਸੱਲੀ ਤੇ ਖੁਸ਼ੀ ਅਨੁਭਵ ਕਰ ਰਿਹਾ ਹਾਂ।

-ਅਨੂਪ ਸਿੰਘ (ਡਾ.)



# ਆਪਣੇ ਵੱਲੋਂ

ਸੇਵਾ ਮੁਕਤ ਜ਼ਿੰਦਗੀ 'ਚ ਹੀ ਮੈਂ ਕਵਿਤਾ ਲਿਖਣ ਦਾ ਉਪਰਾਲਾ ਕੀਤਾ ਹੈ। ਮੈਂ ਪੰਜਾਬੀ ਸਾਹਿਤ ਦਾ ਕਦੇ ਵੀ ਵਿਦਿਆਰਥੀ ਨਹੀਂ ਰਿਹਾ। ਮੈਂ ਅਰਥ ਸ਼ਾਸਤਰ, ਸਮਾਜ ਸ਼ਾਸਤਰ ਤੇ ਵਣਜ-ਵਪਾਰ ਸ਼ਾਸਤਰ ਦੇ ਵਿਸ਼ਿਆਂ 'ਚ ਐਮ. ਏ. ਕੀਤੀ ਹੋਈ ਹੈ ਅਤੇ ਅਧਿਆਪਨ ਲਈ ਬੀ. ਐੱਡ. ਦੀ ਡਿਗਰੀ ਵੀ ਪਰ ਮੈਂ ਕਦੇ ਅਧਿਆਪਕ ਵੀ ਨਹੀਂ ਰਿਹਾ। ਮੈਂ ਸਥਾਨਕ ਸਰਕਾਰ ਵਿਭਾਗ 'ਚ ਇੰਸਪੈਕਟਰ ਰਿਹਾ ਹਾਂ। ਮੈਂ ਇਕ ਛੋਟੇ ਜਿਹੇ ਪਿੰਡ ਸੱਖੋਵਾਲ ਦਾ ਜੰਮਪਲ ਹਾਂ ਅਤੇ ਮੇਰਾ ਸਬੰਧ ਕਿਸਾਨੀ ਪਰਿਵਾਰ ਨਾਲ ਹੈ। 1990 ਵਿਚ ਮੇਰਾ ਪਰਿਵਾਰ ਸਮੇਤ ਅਮਰੀਕਾ 'ਚ ਸਥਾਈ ਰੂਪ 'ਚ ਵੱਸਣ ਦਾ ਮੌਕਾ ਬਣ ਗਿਆ। ਇਸ ਤਰ੍ਹਾਂ ਮੇਰੇ ਪਾਸ ਪੰਜਾਬ ਤੇ ਅਮਰੀਕਾ ਦੇ ਜਨ ਜੀਵਨ ਦਾ ਅਨੁਭਵ ਹੈ। ਸੇਵਾ ਮੁਕਤੀ ਤੋਂ ਬਾਅਦ ਕਵਿਤਾ ਲਿਖਣ ਦੇ ਰੁਝਾਨ ਦਾ ਅਜਿਹਾ ਅਸਰ ਹੋਇਆ ਕਿ ਮੈਂ ਇਸ ਪੁਸਤਕ 'ਭੱਖਦੇ ਅੰਗਿਆਰ' ਨੂੰ ਪ੍ਰਕਾਸ਼ਿਤ ਕਰਵਾਉਣ ਦਾ ਫੈਸਲਾ ਕੀਤਾ। ਇਸ ਵੇਲੇ ਮੈਂ ਡੂੰਘੀ ਤਸੱਲੀ, ਖੁਸ਼ੀ ਤੇ ਸੰਤੁਸ਼ਟੀ ਦੇ ਅਹਿਸਾਸ ਨਾਲ ਭਰਪੂਰ ਹਾਂ। ਸ਼ਾਬਦਿਕ ਰਿਣ ਪੂਰਤੀ ਵਜੋਂ ਲਿਖਤੀ ਸ਼ਬਦ ਦੀ ਪ੍ਰਮਾਣਿਕ ਹੁੰਦੇ ਹਨ।

**ਕੁਝ ਸ਼ਬਦ :**

1. ਕੋਈ ਵੀ ਸੰਵੇਦਨਸ਼ੀਲ ਮਨੁੱਖ ਆਪਣੇ ਮਾਂ-ਬਾਪ ਦਾ ਕਰਜ਼ਾ ਨਹੀਂ ਉਤਾਰ ਸਕਦਾ ਹੈ। ਭਾਰਤੀ/ਪੰਜਾਬੀ ਸਮਾਜ ਵਿਚ ਮਾਂ-ਬਾਪ ਆਪਣੇ ਧੀਆਂ-ਪੁੱਤਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਲਈ ਹਰ ਸੰਭਵ ਯਤਨ ਕਰਦੇ ਹਨ। ਉਨ੍ਹਾਂ ਦੇ ਨਿਰਸਵਾਰਥ ਯਤਨਾਂ ਦਾ ਕੋਈ ਵੀ ਮੁੱਲ ਨਹੀਂ ਤਾਰ ਸਕਦਾ। ਸੋ ਮੈਂ ਸਭ ਤੋਂ ਪਹਿਲਾਂ ਆਪਣੇ ਸਤਿਕਾਰਤ ਮਾਂ-ਬਾਪ ਦੀ ਮਿੱਠੀ ਤੇ ਨਿੱਘੀ ਯਾਦ 'ਚ ਸਿਰ ਝੁਕਾਉਂਦਾ ਹਾਂ। ਇਸ ਦੇ ਨਾਲ ਹੀ ਮੈਂ ਆਪਣੇ ਪਰਿਵਾਰਕ ਮੈਂਬਰਾਂ ਤੇ ਭਾਈਚਾਰੇ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਮੈਨੂੰ ਪ੍ਰਵਾਨ ਚੜ੍ਹਾਉਣ 'ਚ ਆਪਣਾ ਯੋਗਦਾਨ ਪਾਇਆ।

2. ਮੈਂ ਆਪਣੇ ਸਤਿਕਾਰਯੋਗ ਦੋਸਤ ਸ. ਬਲਜੀਤ ਸਿੰਘ ਧਾਲੀਵਾਲ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਨ੍ਹਾਂ ਕਵਿਤਾਵਾਂ ਨੂੰ ਸਰੋਤਿਆਂ

ਤੱਕ ਪਹੁੰਚਾਉਣ ਲਈ ਮੇਰੀ ਹਰ ਸੰਭਵ ਤਰੀਕੇ ਨਾਲ ਮਦਦ ਕੀਤੀ।

3. ਮੈਂ ਆਪਣੇ ਸਤਿਕਾਰਯੋਗ ਤਾਇਆ ਜੀ ਦੇ ਸਪੁੱਤਰ ਸ. ਸਤਨਾਮ ਸਿੰਘ ਘੁੰਮਣ ਦਾ ਵੀ ਤਹਿ ਦਿਲੋਂ ਰਿਣੀ ਹਾਂ ਜਿਨ੍ਹਾਂ ਮੇਰੀ ਹਰ ਪੜ੍ਹਾਅ ਤੇ ਖੇਤਰ ਵਿਚ ਅਗਵਾਈ ਕੀਤੀ, ਮੈਨੂੰ ਨੈਤਿਕ ਬਲ ਬਖਸ਼ਿਆ ਤੇ ਮੇਰਾ ਯੋਗ ਪਥ ਪ੍ਰਦਰਸ਼ਨ ਕੀਤਾ।

4. ਭਾਰਤੀ ਸਮਾਜ ਵਿਚ ਔਰਤ (ਧੀ, ਭੈਣ ਤੇ ਪਤਨੀ ਦੇ ਰੂਪ ’ਚ) ਸ਼ਬਦ ਦੇ ਹਕੀਕੀ ਅਰਥਾਂ ’ਚ ਤਪ-ਤਪੱਸਿਆ ਕਰਦੀ ਹੈ। ਮਾਂ-ਭੈਣ ਤੋਂ ਬਾਅਦ ਪਤਨੀ ਦੀ ਭੂਮਿਕਾ ਮਨੁੱਖ ਦੀ ਜ਼ਿੰਦਗੀ ’ਚ ਨਿਰਣਾਇਕ ਹੁੰਦੀ ਹੈ। ਮੇਰੀ ਧਰਮ ਪਤਨੀ ਨੇ ਵੀ ਮੈਨੂੰ ਹਰ ਸੰਭਵ ਸੁੱਖ ਪ੍ਰਦਾਨ ਕਰਨ ਦਾ ਯਤਨ ਕੀਤਾ। ਹੋਰ ਪਰਿਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਛੁੱਟ ਮੇਰੀ ਕਾਵਿ-ਸਿਰਜਣ ਪ੍ਰਕਿਰਿਆ ’ਚ ਵੀ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ। ਇਸ ਲਈ ਮੈਂ ਉਸ ਦਾ ਵੀ ਧੰਨਵਾਦ ਕਰਦਾ ਹਾਂ। ਇਸ ਕਾਵਿ-ਸੰਗ੍ਰਹਿ ਨੂੰ ਸਿਰੇ ਚਾੜ੍ਹਨ ਲਈ ਮੇਰੇ ਸਪੁੱਤਰ ਸ. ਪਰਮਜੀਤ ਸਿੰਘ ਘੁੰਮਣ ਐਮ. ਡੀ., ਮਨਿੰਦਰ ਕੌਰ ਘੁੰਮਣ, ਕਿਰਨਬੀਰ ਸਿੰਘ ਔਜਲਾ ਅਤੇ ਸਪੁੱਤਰੀ ਨਵਪ੍ਰੀਤ ਕੌਰ ਮਰਵਾਹਾ ਡੀ. ਪੀ. ਐੱਚ., ਬਰਿਜਿੰਦਰ ਸਿੰਘ ਮਰਵਾਹਾ ਵੱਲੋਂ ਕੀਤੀ ਗਈ ਹੌਂਸਲਾ ਅਫ਼ਜਾਈ ਦਾ ਵੀ ਮੈਂ ਤਹਿ-ਦਿਲੋਂ ਧੰਨਵਾਦੀ ਹਾਂ।

5. ਆਪਣੇ ਜਵਾਨੀ ਦੇ ਸਾਥੀ ਪ੍ਰੌੜ ਕਵੀ ਸ੍ਰੀ ਜਸਵੰਤ ਹਾਂਸ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਪੁਸਤਕ ਪ੍ਰਕਾਸ਼ਿਤ ਕਰਵਾਉਣ ਤੋਂ ਛੁੱਟ ਕਾਵਿ-ਸਿਰਜਣਾ ਲਈ ਯੋਗ ਅਗਵਾਈ ਕੀਤੀ।

6. ਪੰਜਾਬੀ ਸਹਿਤ ਅਕਾਡਮੀ, ਲੁਧਿਆਣਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਨੂਪ ਸਿੰਘ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਨ੍ਹਾਂ ਨੇ ਇਸ ਕਾਵਿ ਪੁਸਤਕ ਦਾ ਮੁੱਖ ਬੰਧ ਲਿਖਿਆ ਅਤੇ ਸ਼ਬਦ ਸਭਿਆਚਾਰ ਨਾਲ ਜੁੜੇ ਰਹਿਣ ਲਈ ਮਿੱਤਰਾਂ ਵਾਂਗ ਹੱਲਾਸ਼ੇਰੀ ਦਿੱਤੀ।

7. ਲੋਕ ਗੀਤ ਪ੍ਰਕਾਸ਼ਨ ਸਮੂਹ ਦੇ ਸੰਚਾਲਕ ਤੇ ਉੱਘੇ ਵਿਦਵਾਨ ਸ੍ਰੀ ਹਰੀਸ਼ ਜੈਨ ਦਾ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਵਿ-ਪੁਸਤਕ ਨੂੰ ਸੀਮਤ ਸਮੇਂ ਵਿਚ ਪ੍ਰਕਾਸ਼ਿਤ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਖ਼ੂਬਸੂਰਤ ਦਿੱਖ ਵੀ ਪ੍ਰਦਾਨ ਕੀਤੀ।

8. ਅੰਤ ਵਿਚ ਮੈਂ ਸਮੁੱਚੇ ਪੰਜਾਬੀ ਭਾਈਚਾਰੇ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਕੋਲੋਂ ਮੈਂ ਬਹੁਤ ਕੁੱਝ ਸਿੱਖ ਕੇ ਇਹ ਕਾਵਿ-ਕਿਤਾਬਾਂ ਸਿਰਜਣ ਦੇ



ਸਮਰੱਥ ਹੋਇਆਂ ਹਾਂ। ਮੈਨੂੰ ਆਸ ਹੈ ਕਿ ਤੁਸੀਂ ਇਸ ਪੁਸਤਕ ਦੀਆਂ ਘਾਟਾਂ ਕਮਜ਼ੋਰੀਆਂ ਨੂੰ ਨਜ਼ਰ-ਅੰਦਾਜ਼ ਨਾ ਕਰਦਿਆਂ ਮੈਨੂੰ ਭਵਿੱਖ ’ਚ ਉਚਿਤ ਸੁਝਾਅ ਦਿਓਗੇ।

ਹੁੰਗਾਰੇ ਦੀ ਉਡੀਕ ’ਚ
ਧੰਨਵਾਦ ਸਹਿਤ

ਤੁਹਾਡਾ ਸਭ ਦਾ
**ਤਰਸੇਮ ਸਿੰਘ ਘੁੰਮਣ**

# ਅੰਤ ਇਕੋ ਰਸਤਾ

ਅਮੀਰ ਗ਼ਰੀਬ ਆਖਰ ਨੂੰ ਇੱਕੋ ਰੱਸਤੇ ਜਾਣਾ,
ਅੱਗਾ-ਪਿੱਛਾ ਹੋ ਸਕਦਾ ਦੋਹਾਂ ਦਾ ਇਕ ਟਿਕਾਣਾ।

ਜ਼ਿੰਦਗੀ ਦਾ ਸਫ਼ਰ ਆਖਰ ਇਕ ਦਿਨ ਮੁੱਕ ਜਾਣਾ,
ਸਹੀ ਵਕਤ ਆਇਆ ਸਾਹ ਦੋਹਾਂ ਦਾ ਰੁੱਕ ਜਾਣਾ।

ਸੌਂ ਜਾਣਾ ਗੂੜ੍ਹੀ ਨੀਂਦੇ ਫੇਰ ਕਦੀ ਨਹੀਂ ਉੱਠਣਾ,
ਚੰਦਰੀ ਮੌਤ ਨੇ ਆਖਰ ਦੋਹਾਂ ਨੂੰ ਕੋਹ-ਕੋਹ ਮੁੱਠਣਾ।

ਚਿੱਟੀ ਚਾਦਰ ਦੀ ਬੁੱਕਲ ਵਿਚੋਂ ਕਿਸੇ ਵੀ ਨਾ ਦਿੱਸਣਾ,
ਵਿਖੜੇ ਪੈਂਡੇ ਤੁਰ ਪੈਣਾ ਤਾਂ ਨਾ ਰੋਣਾ ਨਾ ਹੱਸਣਾ।

ਜੱਗ ਦੀ ਰੀਤ ਇਹੋ ਚਲੀ ਆਈ ਰੋਕੇ ਵੀ ਨਾ ਰੁਕਣਾ,
ਚਾਰ ਦਿਨਾਂ ਦਾ ਰੋਣਾ ਮਗਰੋਂ ਨਾਮ ਕਿਸੇ ਨਹੀਂ ਪੁੱਛਣਾ।

ਜੱਗ ਜਿਉਂਦਿਆਂ ਦੇ ਮੇਲੇ ਪਰਤ ਕਿਸੇ ਨਹੀਂ ਆਉਣਾ,
ਨਾ ਮਿਲਣਾ ਪਲੰਗ ਮਖ਼ਮਲੀ ਨਾ ਕੋਈ ਲੇਫ ਵਿਛੌਣਾ।

ਸਭਨਾਂ ਨੇ ਤੁਰ ਜਾਣਾ ਜੱਗ ਤੋਂ ਜਦੋਂ ਬਹਾਨਾ ਬਣਿਆ,
ਸਾਹੇ ਲਿਖੇ ਨਾ ਚਲਨੀ ਜਦ ਜਾਲ ਮੌਤ ਨੇ ਤਣਿਆ।

ਨਵੀਂ ਦੁਨੀਆਂ ਯਾਦ ਆਉਂਦੀ ਸਾਹਾਂ ਸਵਾਸਾਂ ਸੰਗ,
ਇਹ ਦੁਨੀਆਂ ਛੋੜ ਚਲੇ ਹਮ ਅੱਗੇ ਦੇਖੋ ਉਹਦੇ ਰੰਗ।

ਇੱਕੋ ਧਰਮਰਾਜ ਬਾਦਸ਼ਾਹ ਬਾਕੀ ਉਸਦੀ ਪਰਜਾ,
ਨਾ ਕੋਈ ਲਾਭ ਹਾਣ ਨਾ ਕਿਸੇ ਦੇ ਸਿਰ ਤੇ ਕਰਜ਼ਾ।

ਕਹਿੰਦੇ ਜੂਨ ਚੁਰਾਸੀ ਲੱਖ ਤੇ ਅੱਗੇ ਬੀਆਬਾਨ,
ਕਰਮੀ ਹੋਣ ਨਬੇੜੇ ਉਥੇ ਵੱਖਰੀ ਨਹੀਂ ਪਹਿਚਾਣ।

# .ਗਰੀਬ ਤੇ ਆਈ ਜਵਾਨੀ

ਆਈ ਜਵਾਨੀ .ਗਰੀਬ 'ਤੇ ਫਿਕਰਾਂ ਵਿਚ ਮੁੱਕ ਜਾਵੇਗੀ,
ਬਿਨ ਪਾਣੀ ਉਸ ਬੂਟੇ ਦੇ ਪੱਤਿਆਂ ਵਾਂਗ ਸੁੱਕ ਜਾਵੇਗੀ।

ਚੰਗਾ ਹੁੰਦਾ ਤੂੰ ਜੇ ਕਿਸੇ ਅਮੀਰ ਜਾਂ ਨੇਤਾ ਨੂੰ ਭਾਲ ਲੈਂਦੀਉਂ,
ਅਮੀਰ ਦੇ ਦਰ 'ਤੇ ਸੱਜ ਵਿਆਹੀ ਵਹੁਟੀ ਬਣ ਬਹਿੰਦੀਉਂ!

ਦੱਸ ਕਿਸਮਤ ਦੇ ਮਾਰਿਆਂ ਦੇ ਦਰ ਤੇ ਆ ਕੇ ਕੀ ਤੂੰ ਲੈਣਾ?
ਦੋ ਡੰਗ ਦੀ ਰੋਟੀ ਨਸੀਬ ਨਹੀਂ ਚੁੱਲ੍ਹੇ ਅੱਗ ਨਾ ਪੱਕੇ ਖਾਣਾ।

ਅਸੀਂ ਜ਼ਿੰਦਗੀ ਰੋਲਣ ਲਈ ਆਏ ਹਾਂ ਮਨ ਉਹਦਾ ਭਾਣਾ,
ਸਾਡੇ ਮਾੜੇ ਲਿਖੇ ਨਸੀਬ ਪਤਾ ਨਹੀਂ ਕਿਹੜੀ ਰੁੱਤੇ ਮਰ ਜਾਣਾ!

ਭੋਲੀਏ! ਸਾਡੇ ਲੜ ਲੱਗ ਕੀ ਲੈਣਾ ਭਾਲ ਕੋਈ ਚੰਗਾ ਟਿਕਾਣਾ,
ਅਸੀਂ ਰਾਹੋਂ ਕੁਰਾਹੇ ਭਟਕਦਿਆਂ ਏਵੇਂ ਜੀਵਨ ਬਿਤਾ ਲੈਣਾ।

ਢਿੱਡੋਂ ਭੁੱਖੇ ਸਿਰ ਤੇ ਛੱਤ ਨਹੀਂ ਜਿੰਦ ਕੁਰਬਲ-ਕੁਰਬਲ ਕਰਦੀ,
ਤਨ ਢੱਕਣ ਨੂੰ ਲੀਰਾਂ ਨਾ ਪਤਾ ਨਹੀਂ ਮੌਤ ਵੀ ਸਾਥੋਂ ਕਿਉਂ ਡਰਦੀ?

ਸਾਨੂੰ ਆਪਣੇ ਦੁੱਖਾਂ ਦਾ ਉਨਾ ਫਿਕਰ ਨਹੀਂ ਖਾਂਦਾ, ਜਿੰਨਾ ਤੇਰਾ,
ਕਰਮਾਂ ਦੇ ਮਾਰੇ ਆਪਣਾ ਭਾਰ ਚੁੱਕ ਨਾ ਸਕਦੇ ਕਿੱਥੋਂ ਚੁੱਕਾਂਗੇ ਤੇਰਾ?

ਜਵਾਨੀਏ .ਗਰੀਬ ਦੇ ਦਰ ਤੋਂ ਤੂੰ ਕੀ ਲੈਣਾ ਮਨ ਸਾਡਾ ਕਹਿਣਾ,
ਚੰਗਾ ਖਾਵੇਂਗੀ ਚੰਗਾ ਪਹਿਨੇਂਗੀ ਬਣ ਕਿਸੇ ਅਮੀਰ ਦਾ ਗਹਿਣਾ।

ਜਾ ਨੀ ਜਾ ਤੂੰ ਜਵਾਨੀਏ! ਕਿਸੇ ਸਾਧੂ ਸੰਤ ਮਹਾਤਮਾ ਦੇ ਡੇਰੇ ਜਾ,
ਸਾਰੇ ਸੁਖ, ਐਸ਼ ਦਾ ਜੀਵਨ ਹੰਢਾ ਵਾਧੂ ਮੱਖਣ ਮਲਾਈਆਂ ਖਾ।

ਸਾਡੇ ਨਾਲ ਸਾਡਾ ਸੰਤਾਪ ਤੇਰੇ ਹਿੱਸੇ ਵਿਚ ਕਿਉਂ ਆਇਆ,
ਅਸੀਂ ਪੈਦਾ ਹੋਏ ਸੰਤਾਪ ਵਿੱਚ ਕਿੱਸ ਤੈਨੂੰ ਸਾਡੇ ਲੜ ਲਾਇਆ!



# ਪੰਜਾਬੀਓ! ਜਾਗਦੇ ਕਿ ਸੁੱਤੇ?

ਬੜੀ ਤਰਸਯੋਗ ਹਾਲਤ ਹੈ ਅੱਜ ਪੰਜਾਬ ਦੀ,
ਧਰਤੀ ਕਹਾਉਂਦੀ ਪੰਜ ਦਰਿਆਵਾਂ ਦੇ ਆਬ ਦੀ,
ਆਬ ਨਸ਼ਿਆਂ ਨਾਲ ਗੰਧਲ਼ਾ ਕਰਨ ਵਿੱਚ ਜੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਧਰਮ-ਗ੍ਰੰਥਾਂ ਦੀ ਅੱਜ ਬੇਅਦਬੀ ਹੋਏ ਥਾਂ-ਥਾਂ,
ਫਰਕ ਨਹੀਂ ਪੈਂਦਾ ਸ਼ਹਿਰ ਹੋਵੇ ਜਾਂ ਫਿਰ ਗਰਾਂ,
ਸ਼ਾਂਤਮਈ ਮੁਜ਼ਾਹਰਿਆਂ ਵਿੱਚ ਲੋਕ ਜਾਂਦੇ ਕੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਤਾਕਤਵਰ ਚਿੱਟੇ ਦਾ ਵਪਾਰ ਨੇ ਕਰਦੇ ਜੋਰਾਂ 'ਤੇ,
ਪੁੱਛਿਆ ਜਾਵੇ ਕੌਣ ਕਰਦਾ ਦੋਸ਼ ਮੜ੍ਹਦੇ ਹੋਰਾਂ 'ਤੇ,
ਮੁੰਡੇ-ਕੁੜੀਆਂ ਨਸ਼ੱਈ ਜਿਵੇਂ ਗਲੀਆਂ ਵਿੱਚ ਕੁੱਤੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਲੋਕਾਂ ਦੀਆਂ ਨਜ਼ਰਾਂ ਵਿੱਚ ਕਾਨੂੰਨ ਅੰਧਾ-ਬਹਿਰਾ,
ਪਰ ਨੇਤਾਵਾਂ ਦੀਆਂ ਕੋਠੀਆਂ 'ਤੇ ਦੇ ਰਿਹਾ ਪਹਿਰਾ,
ਰੋਜ਼ਾਨਾ ਦਿਨ-ਦਿਹਾੜੇ ਏ.ਟੀ.ਐਮ ਜਾਂਦੇ ਲੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਧੀ-ਭੈਣ ਦੀ ਇੱਜਤ ਨਹੀਂ ਲੱਭਦੀ ਕਿਤੇ ਸੁਰੱਖਿਆ,
ਜਿੱਥੇ ਜ਼ੈਡ ਸਕਿਉਰਟੀ ਨੇਤਾਵਾਂ ਦੀ ਕਰੇ ਰੱਖਿਆ,
ਕਾਨੂੰਨ ਦੀ ਐਸੀ ਹਾਲਤ ਵੇਖ ਲੋਕਾਂ ਦੇ ਦਿਲ ਟੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਰੋਜ਼ਾਨਾ ਸੜਕਾਂ 'ਤੇ ਦੁਰਘਟਨਾਵਾਂ ਵਿੱਚ ਲੋਕ ਮਰਨ,
ਸੜਕਾਂ 'ਤੇ ਸੁਰੱਖਿਆ ਲਈ ਕੋਈ ਕਾਰਵਾਈ ਨਾ ਕਰਨ,
ਸਰਕਾਰ ਜੀਵਨ ਸੁਰੱਖਿਆ ਲਈ ਕੋਈ ਕਦਮ ਨਾ ਪੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਕਿਸਾਨ ਦੀ ਹਾਲਤ ਤਰਸਯੋਗ ਨਿੱਤ ਖ਼ੁਦਕੁਸ਼ੀਆਂ ਕਰਦੇ,
ਕਰਜ਼ੇ ਥੱਲੇ ਦੱਬੇ ਬੈਂਕ ਅਤੇ ਸ਼ਾਹੂਕਾਰ ਨਹੀਂ ਪਿੱਛਾ ਛੱਡਦੇ,
ਬੈਂਕ ਸ਼ਾਹੂਕਾਰ ਨਿੱਤ ਮਾਰਨ ਗੇੜੇ ਰਹਿੰਦੇ ਸਾਹ ਸੁੱਕੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਵਧਦੀ ਬੇਰੁਜ਼ਗਾਰੀ ਸਰਕਾਰ ਦੀ ਦਰਸਾਏ ਕਾਰਗੁਜ਼ਾਰੀ,
ਆਟਾ ਦਾਲ ਸਕੀਮ ਦਾ ਲਾਲਚ ਦੇ ਕੇ ਖੇਡ ਰਹੇ ਇਹ ਪਾਰੀ,
ਬੁਢਾਪਾ ਪੈਨਸ਼ਨ ਨਾ ਮਿਲੇ ਬਜ਼ੁਰਗਾਂ ਦੇ ਸਾਹ ਰਹਿੰਦੇ ਘੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਸਰਕਾਰੀ ਬਿਲਡਿੰਗਾਂ ਗਹਿਣੇ ਪਾ ਵੱਡੇ ਵੱਡੇ ਪੁਲ ਉਸਾਰਨ,
ਮੁਲਾਜ਼ਮਾਂ ਨੂੰ ਤਨਖ਼ਾਹ ਨਾ ਮਿਲੇ ਕਰਜ਼ੇ ਤੋਂ ਕਰਜ਼ਾ ਉਤਾਰਨ,
ਨਿੱਜੀ ਸੁਆਰਥਾਂ ਲਈ ਸਰਕਾਰੀ ਖ਼ਜ਼ਾਨੇ ਖਾਲੀ ਕਰ ਸੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਕੈਂਸਰ ਅਤੇ ਏਡਜ਼ ਵਰਗੀਆਂ ਬੀਮਾਰੀਆਂ ਦਾ ਬੋਲਬਾਲਾ,
ਨਾ ਕੋਈ ਉਚਿੱਤ ਕਦਮ ਚੁੱਕਣ ਮੂੰਹ ਨੂੰ ਲੱਗਿਆ ਤਾਲਾ,
ਸਿਹਤ ਸਹੂਲਤਾਂ ਨਾਂ ਮਾਤਰ ਡਰਦਾ ਮੂੰਹੋਂ ਕੋਈ ਨਾ ਫੁੱਟੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਕਿਸਾਨ ਦੀ ਫਸਲ ਕਿਵੇਂ ਮੰਡੀਆਂ ਵਿਚ ਰਹਿੰਦੀ ਰੁਲਦੀ,
ਗ਼ਰੀਬ ਦੀ ਹਾਲਤ ਤਰਸਯੋਗ ਰੋਟੀ ਨਹੀਂ ਤਵੇ ’ਤੇ ਫੁਲਦੀ,
ਕਿੰਨਾ ਚਿਰ ਹੋਰ ਸਹਿਣ ਕਰਾਂਗੇ ਸਰਕਾਰ ਦੇ ਲਾਰੇ ਬੁੱਤੇ,
ਪੰਜਾਬੀਓ! ਜਾਗਦੇ ਕਿ ਸੁੱਤੇ?

ਪੰਜਾਬੀਓ ਜਾਗੋ ਜਾਗਦਿਆਂ ਦਾ ਸੁੱਤਿਆਂ ਵੱਲ ਇਸ਼ਾਰਾ,
ਸੋਚੋ ਵਿਚਾਰੋ ਅੱਜ ਬਚਾ ਸਕੋ ਬਚਾ ਲਉ ਪੰਜਾਬ ਨਿਆਰਾ,
ਸੋਚ ਨੂੰ ਬਦਲਾਉ ਕੁਝ ਕਰ ਵਿਖਾਉ ਨਾ ਪੁੱਛੋ ਕਿਹੜੀ ਰੁੱਤੇ,
ਪੰਜਾਬੀਓ! ਜਾਗਦੇ ਕਿ ਸੁੱਤੇ?



# ਮੋਇਆਂ ਸਾਥ ਨਾ ਜਾਏ

ਦੁਖਿਆਰੇ ਨੂੰ ਦੁਖੀਆ ਮਿਲੇ ਤਾਂ ਦੁੱਖ ਕਿਹਨੂ ਦੱਸੂਗਾ?
ਹਤਿਆਰੇ ਨੂੰ ਹਤਿਆਰਾ ਮਿਲੇ ਤਾਂ ਵੇਖ ਕੇ ਹੱਸੂਗਾ।

ਪਾਪੀ ਪਾਪਾਂ ਦੰਡ ਮਰ ਜਾਊ ਦਿਲ ਦਾ ਭੇਦ ਨਾ ਖੋਲੂਗਾ,
ਪਾਪਾਂ ਨਾਲ ਜੋੜੀ ਮੋਇਆਂ ਸਾਥ ਨਾ ਜਾਏ ਸਹਿਜੇ ਬੋਲੂਗਾ।

ਦੁੱਖੜੇ ਨਾ ਕੋਈ ਆਣ ਵੰਡਾਵੇ ਕਿਹਨੂੰ ਆਪਣਾ ਹਾਲ ਸੁਣਾਵੇ,
ਪਾਪਾਂ ਦੀ ਪੰਡ ਸਿਰ ’ਤੇ ਚੁਕੀ ਇਕੱਲਾ ਹੀ ਤੁਰਿਆ ਜਾਵੇ।

ਬੁਲਾਵਾ ਆਇਆ ਛੱਡ ਜਾਣਾ ਵਾਪਸ ਮੁੜ ਨਹੀਂ ਆਉਣਾ,
ਚਾਰ ਦਿਨਾਂ ਦਾ ਰੋਣਾ ਫਿਰ ਕਿਸੇ ਨੂੰ ਯਾਦ ਨਹੀਂ ਆਉਣਾ।

ਸਵਾਸ ਹੈ ਆਸ ਹੈ ਜਿੰਦ ਨਾਲ ਜਹਾਨ ਆਪਣੀ ਪਹਿਚਾਣ,
ਦੁਨੀਆਂ ਤੋਂ ਤੁਰ ਜਾਣਾ ਇਹ ਵਜੂਦ ਇਕ ਬੰਦ ਪਈ ਦੁਕਾਨ।

ਸਿਕੰਦਰ ਕਦੀ ਸੋਚਿਆ ਨਹੀਂ ਸੀ ਐਸੀ ਅਣਹੋਣੀ ਆਵੇਗੀ,
ਵੱਡੀਆਂ ਰਿਆਸਤਾਂ ਦੇ ਮਾਲਕ ਨੂੰ ਖਾਲੀ ਹੱਥ ਲੈ ਜਾਵੇਗੀ।

ਮੌਤ ਨਾ ਬਖਸ਼ੇ ਬਾਦਸ਼ਾਹ, ਛੋਟਾ ਵੱਡਾ, ਨਾ ਬੁੱਢਾ ਜਵਾਨ,
ਸਾਹਾਂ ਦਾ ਲੇਖਾ ਪੂਰਾ ਹੋ ਜਾਵੇ ਜਦ ਬਰੂਹੀਂ ਬੈਠੇ ਆਣ।

# ਜ਼ਰੂਰਤਾਂ ਬਨਾਮ ਖਾਹਸ਼ਾਂ

ਜੋ ਜ਼ਰੂਰਤ ਮੁਤਾਬਕ ਜਿਉਣਾ ਸਿੱਖ ਜਾਂਦੇ,
ਜ਼ਿੰਦਗੀ ਦੇ ਸਫ਼ਰ ਵਿੱਚ ਕਦੀ ਹਾਰ ਨਹੀਂ ਖਾਂਦੇ।

ਖ਼ਾਹਿਸ਼ਾਂ ਦੀ ਜ਼ਿੰਦਗੀ ਦਾ ਸਫਰ ਨਹੀਂ ਮੁੱਕਦਾ,
ਲੋੜਮੰਦ ਦੀ ਜ਼ਰੂਰਤ ਪੂਰੀ ਹੋ ਜਾਵੇ ਸਿਰ ਝੁਕਦਾ।

ਜ਼ਰੂਰਤਾਂ ਫਕੀਰਾਂ ਦੀਆਂ ਵੀ ਹੋ ਜਾਂਦੀਆਂ ਪੂਰੀਆਂ,
ਖ਼ਾਹਿਸ਼ਾਂ ਬਾਦਸ਼ਾਹ ਦੀਆਂ ਰਹਿ ਜਾਣ ਅਧੂਰੀਆਂ।

ਖ਼ਾਹਿਸ਼ਾਂ ਦੀ ਪੰਡ ਦਾ ਫੰਦਾ ਗੱਲ ਵਿੱਚ ਪਾਉਣਾ,
ਜ਼ਿੰਦਗੀ ਇਉਂ ਜਾਵੇ ਵਕਤ ਹੱਥ ਨਹੀਂ ਆਉਣਾ।

ਜੇ ਗੱਲ ਕਰੀਏ ਮਹਾਨ ਬਾਦਸ਼ਾਹ ਸਿਕੰਦਰ ਦੀ,
ਖਾਲੀ ਹੱਥ ਗਿਆ ਗੱਲ ਨਾ ਕੀਤੀ ਅੰਦਰ ਦੀ।

ਸਾਹਾਂ ਦਾ ਕੀ ਭਰੋਸਾ ਆਉਣਾ ਜਾਂ ਨਹੀਂ ਆਉਣਾ,
ਖ਼ਾਹਿਸ਼ਾਂ ਛੱਡ ਅਧੂਰੀਆਂ ਇਕ ਦਿਨ ਐਸਾ ਸੌਣਾ।

ਜ਼ਿੰਦਗੀ ਜ਼ਰੂਰਤਾਂ ਦੀ ਪੂਰਤੀ ਸਹਾਰੇ ਚੱਲਦੀ,
ਖ਼ਾਹਿਸ਼ਾਂ ਨੂੰ ਪਾਉਣ ਨਾਲ ਸੰਗ ਨਹੀਂ ਰਲਦੀ।

ਜੀਵਨ ਸੁਖੀ ਜਿੱਥੇ ਖ਼ਾਹਿਸ਼ਾਂ ਦੀ ਨਹੀਂ ਕੋਈ ਥਾਂ,
ਸਫ਼ਲਤਾ ਹਰ ਮੋੜ 'ਤੇ ਹਮੇਸ਼ਾਂ ਠੰਢੀ ਮਾਨਣ ਛਾਂ।

ਚਾਦਰ ਵੇਖ ਕੇ ਪੈਰ ਪਸਾਰੀਏ ਸੂਝਵਾਨ ਕਹਿੰਦੇ,
ਖ਼ਾਹਿਸ਼ਾਂ ਛੱਡ ਜ਼ਰੂਰਤਾਂ ਦੀ ਦੀਵਾਰ ਅੰਦਰ ਰਹਿੰਦੇ।



# ਸੋਚ ਨੂੰ ਪਰ ਲੱਗ ਜਾਣ

ਸੋਚਣੀ ਨੇ ਕੀਤਾ ਕਾਇਲ ਕੁਝ ਕਹਿਣ ਨੂੰ,
ਚੰਗਾ ਨਾ ਸਮਝਿਆ ਚੁੱਪ ਬੈਠੇ ਰਹਿਣ ਨੂੰ।

ਸੋਚਾਂ ਦੀ ਪੰਡ ਬੰਨ੍ਹ ਵਿਚਾਰਾਂ ਨੂੰ ਸਾਂਭ ਰੱਖਣਾ,
ਨਵਿਆਂ ਵਿਚ ਵਾਧਾ ਕਰਨਾ ਨਹੀਂ ਥੱਕਣਾ।

ਇਹ ਸਿਲਸਿਲਾ ਕਦੋਂ ਤੱਕ ਚੱਲਦਾ ਰਹੇਗਾ,
ਇਕ ਦਿਨ ਇਹ ਭਾਰ ਹੌਲਾ ਕਰਨਾ ਪਏਗਾ।

ਇਹ ਵਲਵਲੇ ਕਿੰਨਾ ਚਿਰ ਤੱਕਦੇ ਰਹਿਣਗੇ,
ਮੇਰੀ ਚੁੱਪੀ ਵੇਖ ਕੇ ਫਿਰ ਮੈਨੂੰ ਕੁਝ ਕਹਿਣਗੇ।

ਮੈਨੂੰ ਕਲਮ ਉਠਾਉਣ ਲਈ ਮਜਬੂਰ ਕਰਦੇ,
ਕੀ ਕਰਦਾ ਮੇਰੇ ਰਾਹ ਵਿਚ ਨਹੀਂ ਆਉਣੋਂ ਡਰਦੇ।

ਮੈਂ ਕਲਮ ਉਠਾਉਂਦਾ ਵੇਖ ਇਹਨਾਂ ਨੂੰ ਹਉਕੇ ਭਰਦੇ,
ਨਾ ਵੇਖਣ ਵੇਲਾ ਕਵੇਲਾ ਅੱਧੀ ਰਾਤੀਂ ਵੀ ਆ ਫੜਦੇ।

ਦਿਮਾਗ਼ੀ ਬੋਝ ਤੇ ਖਿੰਡਣ ਦੀ ਚਿੰਤਾ ਦੂਰ ਹੋ ਜਾਵਣ,
ਅੱਖਰੀ ਜਾਮੇ ਤੋਂ ਬਾਅਦ ਨਾ ਮੇਰੇ ਰਾਹ ਵਿਚ ਆਵਣ।

ਇਹਨਾਂ ਵਿਚਾਰਾਂ ਨਾਲ ਅੱਖਰਾਂ ਦਾ ਮਹਿਲ ਉਸਾਰਾਂ,
ਸੋਚ ਨੂੰ ਪਰ ਲੱਗ ਜਾਣ ਜਦੋਂ ਦਿਮਾਗ਼ ਤੋਂ ਬੋਝ ਉਤਾਰਾਂ।

ਸੋਚ ਦੇ ਸੁੰਦਰ ਮੋਤੀਆਂ ਦੀ ਹੌਲੀ-ਹੌਲੀ ਮਾਲਾ ਲਵਾਂ ਬਣਾ,
ਕਵਿਤਾ ਦਾ ਰੂਪ ਦੇਣ ਉਪਰੰਤ ਮੇਰੇ ਮਨ 'ਤੇ ਨਾ ਰਹੇ ਤਨਾਅ।

# ਵਕਤ ਨਹੀਂ ਪ੍ਰਾਹੁਣਾ

ਵਕਤ ਨਹੀਂ ਕੋਈ ਪ੍ਰਾਹੁਣਾ,
ਲੰਘਿਆ ਮੁੜ ਨਹੀਂ ਆਉਂਣਾ।

ਵਕਤ ਨਾ ਕਿਸੇ ਦੀ ਕਰੇ ਉਡੀਕ,
ਇਹ ਨਾ ਕਿਸੇ ਦਾ ਕੋਈ ਸ਼ਰੀਕ।

ਵਕਤ ਗਵਾਚਾ ਨਾ ਹੱਥ ਆਵੇ,
ਪਹਿਲ ਕਦਮੀ ਕੋਈ ਕਰ ਵਿਖਾਵੇ।

ਵਕਤ ਦਾ ਡੰਗਿਆ ਉੱਠ ਨਾ ਪਾਵੇ,
ਮੌਕਾ ਨਾ ਫਿਰ ਹੱਥ ਵਿੱਚ ਆਵੇ।

ਜਿੰਨੀ ਮਰਜ਼ੀ ਕੋਈ ਸੋਚ ਦੁੜਾਵੇ,
ਬੇਸ਼ਕ ਪੰਡਤਾਂ ਨੂੰ ਹੱਥ ਵਿਖਾਵੇ।

ਸਮਾਂ ਨਾ ਉਡੀਕੇ ਵਹਿਮਾਂ-ਭਰਮਾਂ ਨੂੰ,
ਬੰਦਾ ਕੋਸਦਾ ਰਹਿੰਦਾ ਕਰਮਾਂ ਨੂੰ।

ਜ਼ਿੰਦਗੀ ਦੇ ਪਲ ਕੀਮਤੀ ਪਲ,
ਛੱਡ ਦੇਵਾਂਗੇ ਨਹੀਂ ਸਕਦੇ ਰਲ।

ਮੌਤ ਵੀ ਚਲਦੀ ਸਮੇਂ ਦੇ ਨਾਲ,
ਸਮਾਂ ਹੀ ਜੋ ਸੱਦ ਲਿਆਵੇ ਕਾਲ।

ਖੁੰਝ ਗਿਆ ਜੋ ਵਕਤ ਦੀ ਚਾਲ,
ਨਹੀਂ ਮਿਲ ਸਕਦਾ ਵਕਤ ਦੇ ਨਾਲ।

ਹਰ ਦਿਨ ਇਕ ਨਇਆ ਦਿਨ,
ਅੱਜ ਬਣ ਜਾਵੇ ਕੱਲ੍ਹ ਦੱਸੋ ਬਿਨ।



# ਪੰਜਾਬੀ ਬੋਲੀ

ਗੁੰਮ ਗਈਆਂ ਰਚਨਾਵਾਂ ਕੁਝ ਗੁੰਮ ਨਾ ਹੋਇਆ,
ਜਦ ਰਹੀ ਨਾ ਮਾਂ ਬੋਲੀ ਅੰਬਰ ਫੁਟ ਫੁਟ ਰੋਇਆ।

ਵੇਖਿਉ ਪੰਜਾਬੀਉ ਕਿਤੇ ਐਸਾ ਨਾ ਕੁਝ ਹੋਣ ਦਿਉ,
ਬਿਨ ਬਾਦਲ ਨਾ ਅੰਬਰ ਅੱਥਰੂ ਵਿਹਾਉਣ ਦਿਉ।

ਮਾਂ ਦੀਆਂ ਦੁਆਵਾਂ ਮਾਂ ਦੀਆਂ ਲੋਰੀਆਂ ਰੁਲ ਜਾਣਗੀਆਂ,
ਆਉਣ ਵਾਲੀਆਂ ਪੁਸਤਾਂ ਸਹਿਜੇ ਹੀ ਭੁੱਲ ਜਾਣਗੀਆਂ।

ਨਾ ਰਹਿਣਗੀਆਂ ਲੋਰੀਆਂ ਨਾ ਲੱਭਣਗੀਆਂ ਦੁਆਵਾਂ,
ਨਾ ਕੋਈ ਲੱਭੂ ਗੀਤ ਗਾਉਂਦਾ "ਮਾਂਵਾਂ ਠੰਢੀਆਂ ਛਾਵਾਂ"।

ਵਿਰਸੇ ਦੇ ਮਾਲਕੋ ਕਿਤੇ ਆਪਣਾ ਵਿਰਸਾ ਨਾ ਭੁਲਾ ਦਿਉ,
ਗੁਰੂਆਂ ਪੀਰਾਂ ਦੀ ਬੋਲੀ ਨੂੰ ਮਿੱਟੀ ਵਿੱਚ ਨਾ ਮਿਲਾ ਦਿਉ।

ਕੌਣ ਪੜੇਗਾ ਉਤਮ ਗਰੰਥ ਜੇ ਪੰਜਾਬੀ ਬੋਲੀ ਨਾ ਰਹੀ,
ਵਿਦੇਸ਼ ਜਾਂ ਪੰਜਾਬ ਮਾਂ ਬੋਲੀ ਦੀ ਹਾਲਤ ਨਿਗਰਦੀ ਪਈ।

ਪੰਜਾਬੀ ਬੋਲੀ ਤੇ ਕਈ ਕਿਸਮ ਦੇ ਸੈਮੀਨਰ ਕਰਵਾਉਂਦੇ,
ਆਪਣੀਆਂ ਰਚਨਾਵਾਂ ਪੜ ਸਟੇਜ ਤੋਂ ਥੱਲੇ ਉਤਰ ਆਉਂਦੇ।

ਪੰਜਾਬੀ ਸਾਹਿਤ ਰਚਣਾ ਕਾਫ਼ੀ ਨਹੀਂ ਜੋ ਮਾਂ ਬੋਲੀ ਨਾ ਸਿਖਾਵੇ,
ਆਉਣ ਵਾਲੀਆਂ ਪੁਸਤਾਂ ਨੂੰ ਮਾਂ ਬੋਲੀ ਨਾਲ ਜੋੜਿਆ ਜਾਵੇ।

ਪੰਜਾਬੀ ਬੋਲੀ ਨੂੰ ਕਾਇਮ ਰੱਖਣ ਦਾ ਮੁਢਲਾ ਸਕੂਲ ਪਰਵਾਰ,
ਜਿਥੇ ਬੱਚਿਆਂ ਤੇ ਅੰਗਰੇਜ਼ੀ ਦਾ ਪਾਇਆ ਜਾ ਰਿਹਾ ਭਾਰ।

ਆਪਣੀ ਬੋਲੀ ਬੋਲਣ ਵਾਲੇ ਲੋਕ ਬੋਲੀ ਦਾ ਕਰਨ ਸਤਿਕਾਰ,
ਚਿੰਤਾ ਦਾ ਵਿਸ਼ਾ ਮਾਂ ਬੋਲੀ ਦਾ ਕੀ ਹਾਲ ਸੱਤ ਸਮੁੰਦਰੋਂ ਪਾਰ।

ਖ਼ਦਸ਼ਾ ਪੰਜਾਬੀ ਬੋਲੀ ਦਾ ਕਿਤੇ ਮਿਟ ਨਾ ਜਾਵੇ ਨਾਮੋ ਨਿਸ਼ਾਨ,
ਸਮਾਂ ਰਹਿੰਦਿਆਂ ਇਸ ਵੱਲ ਜੇ ਨਾ ਦਿਤਾ ਗਿਆ ਧਿਆਨ।

# ਇਕ ਵੀਰ ਦੇਵੀਂ ਵੇ ਰੱਬਾ

ਇਕ ਵੀਰ ਦੇਵੀਂ ਵੇ ਰੱਬਾ ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।
ਵੀਰਾਂ ਬਾਝੋਂ ਵਿਹੜਾ ਸੱਖਣਾ ਸਾਡੇ ਵਿਹੜੇ ਬੂਟਾ ਲਾਵੀਂ,
ਕੀਹਦੇ ਗੁੱਟ 'ਤੇ ਅੱਜ ਬੰਨ੍ਹਾ ਰੱਖੜੀ ਸਾਨੂੰ ਵੀ ਸਮਝਾਵੀਂ,
ਇਕ ਘਾਟ ਰੱਬਾ ਕਰ ਦੇਵੀਂ ਪੂਰੀ ਵੀਰ ਬਿਨਾਂ ਨਹੀਂ ਸਰਦਾ।
ਇਕ ਵੀਰ ਦੇਵੀਂ ਵੇ ਰੱਬਾ ......................

ਰੱਖੜ ਪੁੰਨਿਆਂ ਦਾ ਦਿਨ ਆਵੇ ਹੋਵੇ ਵੀਰ ਰੱਖੜੀ ਬੰਨ੍ਹਾਵੇ,
ਭੈਣ ਵਿਆਹੀ ਜਾਵੇ ਰੱਖੜ ਪੁੰਨਿਆ ਵੀਰ ਦੀ ਯਾਦ ਕਰਾਵੇ,
ਭੈਣ ਵੀਰ ਨੂੰ ਰੱਖੜੀ ਬੰਨ੍ਹਦੀ ਪੁੰਨਿਆਂ ਵਾਲਾ ਦਿਨ ਚੜ੍ਹਦਾ।
ਇਕ ਵੀਰ ਦੇਵੀਂ ਵੇ ਰੱਬਾ .....................

ਵੀਰ ਬਿਨ ਭੈਣ ਦੀਆਂ ਸੱਧਰਾਂ ਰਹਿ ਜਾਣ ਅਧੂਰੀਆਂ,
ਭੈਣ ਕਹਿੰਦੀ ਰੱਬਾ ਕਦੇ ਸਾਡੀਆਂ ਵੀ ਆਸਾਂ ਕਰ ਪੂਰੀਆਂ,
ਭੈਣ ਫੁੱਲੀ ਨਹੀਂ ਸਮਾਉਂਦੀ ਵੀਰ ਭੈਣ ਵਿਹੜੇ ਵੜਦਾ।
ਇਕ ਵੀਰ ਦੇਵੀਂ ਵੇ ਰੱਬਾ ................

ਕਿਹਨੂੰ ਕਵ੍ਹੇ ਭੈਣ ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ,
ਅੱਜ ਦਿਨ ਖ਼ੁਸ਼ੀਆਂ ਦਾ ਭੈਣ ਕੋਲੋਂ ਵੀਰ ਵੇ ਬੰਨ੍ਹਾ ਲੈ ਰੱਖੜੀ,
ਵੀਰ ਭੈਣ ਦੇ ਸੁਖੀ ਜੀਵਨ ਲਈ ਸੌ ਵਿਉਂਤਾਂ ਘੜਦਾ।
ਇਕ ਵੀਰ ਦੇਵੀਂ ਵੇ ਰੱਬਾ ................

ਸੌ ਰਿਸ਼ਤੇ ਜੱਗ 'ਤੇ ਹੋਣ, ਵੀਰ ਜਿਹਾ ਨਹੀਂ ਕੋਈ ਹੋਣਾ,
ਭੈਣ 'ਤੇ ਬਣੇ ਮੁਸੀਬਤ ਤਾਂ ਵੀਰ ਨੇ ਹੀ ਕੰਮ ਆਉਣਾ,
ਭੈਣ ਨੂੰ ਵੀਰ ਦੇਵੀਂ ਰੱਬਾ ਰਹੂ ਸੇਵਕ ਬਣ ਕੇ ਤੇਰੇ ਦਰ ਦਾ।
ਇਕ ਵੀਰ ਦੇਵੀਂ ਵੇ ਰੱਬਾ .................

ਦੁਨੀਆਂ ਤੇ ਰਿਸ਼ਤੇ ਬਥੇਰੇ ਕਿਹਨੂੰ ਵੀਰ ਆਖ ਬੁਲਾਵਾਂ,
ਵੀਰ ਮਿਠੜੇ ਮੇਵੇ ਜੱਗ ਤੇ, ਤੇ ਮਾਂਵਾਂ ਨੇ ਠੰਢੀਆਂ ਛਾਵਾਂ,
ਮਾਂ ਦਾ ਪੁੱਤ ਭੈਣ ਦਾ ਵੀਰ ਸੁਲੱਖਣਾ ਸਾਰਾ ਜੱਗ ਡਰਦਾ,
ਇਕ ਵੀਰ ਦੇਵੀਂ ਵੇ ਰੱਬਾ .................



ਵੀਰ ਬਾਝੋਂ ਕੌਣ ਲਵੇ ਸਾਰ ਭੈਣ ਦੀ, ਤਰਸਦੀ ਰਹਿ ਜਾਵੇ,
ਵੀਰ ਘਰ ਆਵੇ ਭੈਣ ਨੂੰ ਚਾਅ ਚੜ੍ਹ ਜਾਵੇ ਫੁੱਲੀ ਨਾ ਸਮਾਵੇ,
ਭੈਣ ਦੀਆਂ ਰੀਝਾਂ ਪੂਰੀਆਂ ਕੌਣ ਕਰੇ ਭੈਣ ਦਾ ਮਨ ਭਰਦਾ,
ਇਕ ਵੀਰ ਦੇਵੀਂ ਵੇ ਰੱਬਾ ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।

# ਰੱਬ ਕਿੱਥੇ ਵੱਸਦਾ

ਕਿਤਾਬਾਂ ਬਹੁਤ ਪੜ੍ਹੀਆਂ ਮੁਰਸ਼ਦ ਮਿਲ ਨਾ ਸਕਿਆ,
ਜਿਸ ਕਿਤਾਬ ਵਿਚ ਮੁਰਸ਼ਦ ਵੱਸਦਾ ਕਦੀ ਨਾ ਤੱਕਿਆ।

ਮਹਿੰਗੀਆਂ ਖਰੀਦ ਕਿਤਾਬਾਂ ਫਿਰ ਮੁਰਸ਼ਦ ਰਿਹਾ ਤੂੰ ਭਾਲ,
ਉਸ ਕਿਤਾਬ ਦੀ ਕੀਮਤ ਕੋਈ ਨਾ ਦੱਸੇ ਅੱਲਾ ਦਾ ਘਰ ਨਾਲ।

ਪੜੇ ਵੇਦ ਗਰੰਥ ਬਥੇਰੇ ਆਪਣੇ ਆਪ ਨੂੰ ਕਦੀ ਪੜ੍ਹਿਆ ਨਾ,
ਤੀਰਥ ਲੱਭਣ, ਆਪਣੇ ਅੰਦਰ ਦੇ ਦਰਵਾਜ਼ੇ ਕਦੀ ਵੜਿਆ ਨਾ।

ਲੱਭਦਾ ਫਿਰੇਂ ਗੁਰਦਵਾਰੇ, ਮੰਦਰ, ਮਸਜਿਦ ਵਿਚ ਮਸੀਤਾਂ,
ਮੁਰਸ਼ਦ ਤੇਰੇ ਅੰਦਰ ਕਿਉਂ ਲਾਵੇਂ ਬਾਹਰਲਿਆਂ ਨਾਲ ਪ੍ਰੀਤਾਂ?

ਜਦੋਂ ਤੀਰਥ ਅਸਥਾਨਾਂ ਦੀ ਯਾਤਰਾ ਕਰ ਘਰ ਵਾਪਸ ਆਵੇਂ,
ਮੂਰਤੀਆਂ ਅਤੇ ਸ਼ਰਧਾ ਭਰੀਆਂ ਵਸਤਾਂ ਦੀ ਪੰਡ ਬੰਨ੍ਹ ਲਿਆਂਵੇਂ।

ਰੋਜ਼ ਸ਼ੈਤਾਨਾਂ ਨੂੰ ਮੱਥਾ ਟੇਕੇਂ ਹਾਜ਼ਰੀ ਭਰਦਾ ਰਹਿੰਦਾ ਡਰਦਾ,
ਰੋਜ਼-ਮਰ੍ਹਾ ਦੇ ਕੰਮ ਛੱਡ ਸਵੇਰੇ-ਸ਼ਾਮ ਸੱਜਦਾ ਉਹਨਾਂ ਨੂੰ ਕਰਦਾ।

ਖੁਸ਼ਨਸੀਬ ਸਮਝ ਕੇ ਸ਼ਰਧਾਲੂ ਬਣ ਜਾਵੇਂ ਉਹਨਾਂ ਦੇ ਘਰ ਦਾ,
ਮਾਣ-ਮਰਿਆਦਾ ਰੱਖੇਂ ਰਹਿੰਦਾ ਰੱਬ ਦੇ ਮੁਨਾਰਿਆਂ ਤੋਂ ਡਰਦਾ।

ਅੰਦਰ ਆਪਣੇ ਕਦੀ ਝਾਤ ਨਾ ਮਾਰੀ ਅਸਲੀ ਰੱਬ ਜਿਥੇ ਵੱਸਦਾ,
ਰੱਬ ਦੀ ਕੁਟੀਆ ਤੇਰੇ ਅੰਦਰ ਲੋਕਾਂ ਨੂੰ ਬਾਹਰ ਪਿਆ ਦੱਸਦਾ।

ਭਰਮ-ਭੁਲੇਖੇ ਮੁੱਕ ਜਾਣਗੇ ਅੰਦਰ ਦਾ ਦਰਵਾਜ਼ਾ ਖੁੱਲ੍ਹ ਜਾਊ,
ਮੰਦਰ ਇਹ ਸਰੀਰ ਬਾਹਰ ਜਾਊ ਬਹੁਤ ਵਗਾਰ ਦੁੱਖ ਪਾਊ।



# ਕੱਲੇ ਆਏ ਕੱਲੇ ਤੁਰ ਜਾਣਾ

ਕੱਲੇ ਆਏ ਕੱਲੇ ਤੁਰ ਜਾਣਾ, ਕਿਸੇ ਨਹੀਂ ਸਾਥ ਨਿਭਾਣਾ।
ਅਗਲੀ ਮੰਜ਼ਲ ਕਿੱਥੇ ਜਾਣਾ ਪਤਾ ਨਹੀਂ ਟਿਕਾਣਾ,
ਇਕ ਦਿਨ ਤੁਰ ਜਾਣਾ ਪਿੱਛੇ ਛੱਡ ਸਭ ਲਾਣਾ,
ਕੱਲੇ ਆਏ ਕੱਲੇ ਤੁਰ ਜਾਣਾ, ਕਿਸੇ ਨਹੀਂ ਸਾਥ ......

ਕਾਹਦਾ ਮਾਣ ਕਰੇਂ ਇਹ ਸਰੀਰ ਨਹੀਂ ਜਾਣਾ ਨਾਲ,
ਮੇਰੀ-ਮੇਰੀ ਕਰਦਿਆਂ ਬੀਤ ਗਈ ਨਾ ਆਇਆ ਖਿਆਲ,
ਰਿਸ਼ਤੇ-ਨਾਤੇ ਦੋਸਤ ਸਾਰੇ ਕਿਸੇ ਨਹੀਂ ਤੇਰਾ ਸਾਥ ਨਿਭਾਣਾ,
ਕੱਲੇ ਆਏ ਕੱਲੇ ਤੁਰ ਜਾਣਾ, ਕਿਸੇ ਨਹੀਂ ਸਾਥ ......

ਫਿਰ ਕਿਉਂ ਕਰੇਂ ਤੂੰ ਮੇਰੀ ਮੇਰੀ, ਇਸ ਜੱਗ 'ਤੇ ਨਹੀਂ ਕੁਛ ਤੇਰੀ,
ਖਾਲੀ ਆਇਆ ਖਾਲੀ ਤੁਰ ਜਾਣਾ, ਕਿਸ ਕੰਮ ਜੱਗ 'ਤੇ ਫੇਰੀ,
ਸਭ ਦਾ ਇਹੋ ਹਾਲ ਦੇਹ ਦਿਲਾਸਾ ਦਿਲ ਨੂੰ ਛੱਡ ਕੁਰਲਾਣਾ,
ਕੱਲੇ ਆਏ ਕੱਲੇ ਤੁਰ ਜਾਣਾ, ਕਿਸੇ ਨਹੀਂ ਸਾਥ ......

ਹਾਲਤ ਹੋ ਗਈ ਕੌਡੀਉਂ ਖੋਟੀ ਜੀਅ ਹੁੰਗਾਰਾ ਭਰਦੇ ਨਹੀਂ,
ਪਾਲ-ਪਲੋਸ ਕੇ ਵੱਡੇ ਕੀਤੇ ਉਹ ਵੀ ਹੁਣ ਗੱਲ ਜਰਦੇ ਨਹੀਂ,
ਲੱਗਾ ਕੋਸਣ ਰੱਬ ਨੂੰ ਮੰਨ ਉਸ ਦਾ ਭਾਣਾ,
ਕੱਲੇ ਆਏ ਕੱਲੇ ਤੁਰ ਜਾਣਾ, ਕਿਸੇ ਨਹੀਂ ਸਾਥ ........

ਜੱਗ ਜੀਉਂਦਿਆਂ ਦੇ ਮੇਲੇ ਮਨ 'ਤੇ ਲਾ ਪਛਤਾਵੀਂ ਨਾ,
ਸਾਂਵਿਆਂ ਦਾ ਸੌਦਾ ਸਾਂਵੀਂ ਨਫਾ ਨੁਕਸਾਨ ਭਾਵੀਂ ਨਾ,
ਛੱਡ ਆਲ੍ਹਣਾ ਪੰਛੀ ਉੱਡ ਗਿਆ ਨਹੀਂ ਕਿਸੇ ਸਤਾਣਾ,
ਕੱਲੇ ਆਏ ਕੱਲੇ ਤੁਰ ਜਾਣਾ, ਕਿਸੇ ਨਹੀਂ ਸਾਥ ਨਿਭਾਣਾ।

# ਸਵੇਰ

ਸਵੇਰ ਹੋਈ ਤਾਂ ਪੈਂਡੇ ਵਾਲੇ ਪੈਂਡੇ ਪੈ ਗਏ,
ਨੀਂਦ ਨੂੰ ਜੋ ਕਰਨ ਪਿਆਰ ਸੁੱਤੇ ਰਹਿ ਗਏ।

ਰੋਜ਼-ਮੱਰਾ ਦੀ ਤਰ੍ਹਾਂ ਸਭ ਰਾਹੀ ਰਾਹੀਂ ਪੈ ਗਏ,
ਭੁੱਲੇ-ਭਟਕੇ ਮੰਜ਼ਲ ਲੱਭਦੇ ਪਿੱਛੇ ਰਹਿ ਗਏ।

ਤੜਕਸਾਰ ਦਾ ਵੇਲਾ ਕੁਝ ਕਰਦੇ ਪਾਠ-ਪੂਜਾ,
ਰੱਬ ਦੇ ਭਜਨ ਤੋਂ ਬਿਨਾਂ ਕੰਮ ਨਹੀਂ ਕੋਈ ਦੂਜਾ।

ਉੱਠੀਏ ਸਵੇਰ ਹੋ ਗਈ ਲਈਏ ਰੱਬ ਦਾ ਨਾਂ,
ਉੱਠੋ ਹੁਣ ਤਾਂ ਜਾਗ ਪਏ ਨੇ ਸਾਰੇ ਚਿੜੀਆਂ-ਕਾਂ।

ਸੂਰਜ ਬੱਦਲਾਂ ਦੀ ਬੁੱਕਲ 'ਚੋਂ ਬਾਹਰ ਆ ਰਿਹਾ,
ਆਪਣੀ ਰੋਸ਼ਨੀ ਦਾ ਅਨੋਖਾ ਅਕਸ ਦਿਖਾ ਰਿਹਾ।

ਸੂਰਜ ਦੀਆਂ ਕਿਰਨਾਂ ਧਰਤੀ 'ਤੇ ਪਾਉਂਦੀਆਂ ਪੈਰ,
ਸਿਹਤ ਨੂੰ ਪਿਆਰ ਕਰਨ ਵਾਲੇ ਕਰ ਰਹੇ ਸੈਰ।

ਤ੍ਰੇਲ ਦੇ ਮੋਤੀਆਂ ਦਾ ਕੁਦਰਤੀ ਨਜ਼ਾਰਾ ਅਜੀਬ,
ਧਰਤੀ ਅਤੇ ਅਸਮਾਨ ਲੱਗਣ ਇਕ ਦੂਜੇ ਦੇ ਕਰੀਬ।

ਸਵੇਰ ਦੀ ਸੈਰ ਤਾਜ਼ੀ ਹਵਾ ਸਿਹਤ ਲਈ ਗੁਣਕਾਰੀ,
ਮਨੁੱਖ ਲਈ ਸਿਹਤਮੰਦ ਹਰਿਆਵਲ ਦੀ ਫੁਲਕਾਰੀ।



# ਕਿੱਥੇ ਪੀਂਘ ਚੜ੍ਹਾਵਾਂ

ਪਿੱਪਲਾਂ ਦੇ ਨਾਲ ਬੋਹੜ ਗਵਾਚੇ,
ਬੋਹੜਾਂ ਦੇ ਨਾਲ ਠੰਢੀਆਂ ਛਾਂਵਾਂ,
ਟਾਹਲੀਆਂ ਦੀ ਥਾਂ ਲਈ ਸਫ਼ੈਦਿਆਂ,
ਹੁਣ ਕਿੱਥੇ ਪੀਂਘ ਚੜ੍ਹਾਵਾਂ?

ਨਲਕੇ ਆਏ ਤਾਂ ਖੂਹ ਗਏ ਪੂਰੇ,
ਠੰਡਾ ਪਾਣੀ ਕਿੱਥੋਂ ਲਿਆਵਾਂ।

ਬਰਫ਼ ਦੀ ਥਾਂ ਫਰਿੱਜਾਂ ਲੈ ਲਈ,
ਬਿਜਲੀ ਬਿਨਾਂ ਕਿਵੇਂ ਫਰਿਜ ਚਲਾਵਾਂ?

ਪੰਛੀ ਵੀ ਵਿਚ ਉੱਡਣ ਉਦਾਸੀ,
ਕਿੱਥੇ ਆਪਣਾ ਆਲ੍ਹਣਾ ਪਾਉਣ।

ਹਵਾ ਹਨੇਰੀ ਬੁੱਲੇ ਵਗਦੇ,
ਕਿੱਥੇ ਉਹ ਰਾਤ ਨੂੰ ਸਾਉਣ?

ਛੱਪੜ ਟੋਭੇ ਗਏ ਨੇ ਪੂਰੇ,
ਕਿੱਥੋਂ ਪੰਛੀ ਪਾਣੀ ਪੀਵਣ।

ਗਏ ਨੇ ਪੱਕੇ ਖਾਲ਼ੇ ਖੋਦੇ,
ਪਾਣੀ ਤੋਂ ਬਿਨਾਂ ਕਿਵੇਂ ਜੀਵਣ?

ਹਲ-ਪੰਜਾਲੀ ਦੀ ਥਾਂ ਟਰੈਕਟਰ,
ਕਿਸਾਨ ਟਰੈਕਟਰ ਸੰਗ ਪਾਈ ਯਾਰੀ।

ਮਜ਼ਦੂਰੀ ਕਰਕੇ ਕਰਾਂ ਗੁਜ਼ਾਰਾ,
ਮਸ਼ੀਨੀ ਯੁੱਗ ਵਿਚ ਮੁਸ਼ਕਿਲ ਭਾਰੀ।

ਕਣਕ ਝੋਨੇ ਦਾ ਨਸ਼ਾ ਕਿਸਾਨ ਨੂੰ,
ਚੰਗੀ ਫ਼ਸਲ ਵੇਖ ਕੇ ਖ਼ੁਸ਼ ਹੋਵੇ ਮਜ਼ਦੂਰ।

ਮਜ਼ਦੂਰ ਦੀ ਥਾਂ ਮਸ਼ੀਨਾਂ ਲੈ ਲਈ,
ਪਿੰਡ ਛੱਡਣ ਲਈ ਹੋ ਗਿਆ ਮਜਬੂਰ।

ਖੂਹਾਂ ਦੀ ਥਾਂ ਟਿਊਬਵੈੱਲਾਂ ਲੈ ਲਈ,
ਨਾ ਉਹ ਦਿਨ-ਰਾਤ ਹਲਟ ਚਲਾਵੇ।

ਨਾ ਬਲਦਾਂ ਗਲ ਘੂੰਗਰੂ ਪਾਵੇ,
ਬਟਨ ਦਬਾ ਖੇਤਾਂ ਨੂੰ ਪਾਣੀ ਲਾਵੇ।

ਚੱਪਾ ਵੀ ਥਾਂ ਰਹੀ ਨਾ ਖਾਲੀ,
ਹੁਣ ਕਿੱਥੇ ਖੇਡਣ ਜਾਵਾਂ?

ਨਾ ਉਹ ਰੱਸੇ ਰੱਸੀਆਂ ਲੱਭਣ,
ਹੁਣ ਕਿੱਥੇ ਪੀਂਘ ਚੜ੍ਹਾਵਾਂ?



# ਜਵਾਨੀ ਅਤੇ ਬੁਢਾਪਾ

ਵਿਹੜੇ ਵਿਚ ਕੁਰਸੀ ਡਾਹ ਕੇ ਕੇਸਰੀ ਦਸਤਾਰ ਸਜਾ ਕੇ,
ਫੜ ਕੇ ਹੱਥ ਵਿਚ ਖੂੰਡੀ ਬਾਪੂ ਬਹਿ ਗਿਆ ਵਿਹੜੇ ਵਿਚ ਆ ਕੇ।

ਬਾਪੂ ਗੁਣ ਸਤਿਗੁਰ ਦੇ ਗਾਵੇ ਜ਼ਿੰਦਗੀ ਦੇ ਚਾਅ ਕਰ ਲਏ ਪੂਰੇ,
ਸਮਾਜ ਦੇ ਵਿਚ ਇੱਜ਼ਤ ਬਣਾਈ ਰਹਿਣ ਨਹੀਂ ਦਿੱਤੇ ਕੰਮ ਅਧੂਰੇ।

ਪਹਿਲਾਂ ਧੀਆਂ-ਪੁੱਤ ਪੜ੍ਹਾਏ ਫਿਰ ਆਪੋ ਆਪਣੇ ਕੰਮ ਲਗਵਾਏ,
ਬਾਕੀ ਨਾ ਕੋਈ ਰਹਿ ਗਿਆ ਕੰਮ ਹੁਣ ਤਾਂ ਸਾਰੇ ਗਏ ਵਿਆਏ੍ਹ।

ਗਈ ਜਵਾਨੀ ਵਾਪਸ ਨਹੀਂ ਆਉਂਦੀ ਲੱਖ ਕੋਸ਼ਿਸ਼ਾਂ ਕਰ ਲਈਏ,
ਜਵਾਨੀ ਦਾ ਸੁਖ ਮਾਣੀਏ ਬੁਢਾਪੇ ਨੂੰ ਬੁਢਾਪਾ ਸਮਝ ਕੇ ਰਹੀਏ।

ਸੋਹਣਾ ਪਾਇਆ ਸੋਹਣਾ ਖਾਧਾ ਸ਼ੌਂਕ ਨਾ ਜ਼ਿੰਦਗੀ ਦਾ ਛੱਡਿਆ,
ਮੁਸ਼ਕਿਲ ਵੇਲੇ ਕੰਮ ਆਉਣਾ ਮੰਦਾ ਬੋਲ ਨਾ ਮੂੰਹੋਂ ਕਦੀ ਕੱਢਿਆ।

ਗਈ ਜਵਾਨੀ ਆਇਆ ਬੁਢਾਪਾ ਬਚਪਨ ਦੇ ਦਿਨ ਚੇਤੇ ਆਉਂਦੇ,
ਪੇਂਡੂ ਖੇਡਾਂ ਕਬੱਡੀ, ਘੁਲਣਾ, ਲੰਮੀ ਛਾਲ ਵਿਚ ਸੀ ਹਿੱਸਾ ਪਾਉਂਦੇ।

ਛੋਟੇ ਹੁੰਦਿਆਂ ਬਾਪੂ ਮੇਰੇ ਗਾਈਆਂ ਮੱਝਾਂ ਦਾ ਮੈਨੂੰ ਦੁੱਧ ਪਿਲਾਇਆ,
ਕਸਰਤ ਦੀ ਜੁਗਤੀ ਨਾਲ ਸਰੀਰ ਹੋ ਗਿਆ ਦੂਣ-ਸਵਾਇਆ।

ਬੇਬੇ ਸਵੇਰੇ ਆ ਸਿਰਹਾਣੇ ਬਹਿੰਦੀ, ਉਠ ਪੁੱਤ ਘਰੜ ਪੀ ਕਹਿੰਦੀ।
ਮੱਝਾਂ ਦਾ ਦੁੱਧ ਚੋਣ ਨੂੰ ਜਾਵੇ, ਲੈ ਨਾਲ ਮੇਰੇ ਮੂੰਹ ਵਿਚ ਧਾਰਾਂ ਪਾਵੇ।
ਮੇਰੀ ਸਿਹਤ ਦਾ ਰੱਖੇ ਖਿਆਲ, ਵੱਡਾ ਹੋ ਕੇ ਲਏ ਘਰ ਦਾ ਕੰਮ ਸੰਭਾਲ।

# ਗਮਾਂ ਦੀ ਚਾਦਰ

ਗਮਾਂ ਦੀ ਚਾਦਰ ਭਾਰੀ ਜਾਂ ਮੇਰੀ ਤਕਦੀਰ ਮਾੜੀ।
ਦਿਨ ਤਾਂ ਚੜ੍ਹ ਜਾਵੇ ਗੁਜ਼ਰਨੇ ਨੂੰ ਨਾ ਆਵੇ,
ਰਾਤ ਲੰਮੀ ਹੋ ਜਾਵੇ ਆਪਣਾ ਕਹਿਰ ਵਿਖਾਵੇ,
ਇਹ ਤੇਰਾ ਇਨਸਾਫ਼ ਗਮਾਂ ਦੀ ਕੰਧ ਉਸਾਰੀ।
ਗਮਾਂ ਦੀ ਚਾਦਰ ਭਾਰੀ ਜਾਂ .........

ਘਰ ਦੀਆਂ ਰੌਣਕਾਂ ਨੂੰ ਕਿਨ੍ਹ ਸੰਨ੍ਹ ਲਗਾਈ,
ਹੱਸਦੇ-ਰੱਸਦੇ ਘਰ ਦੁੱਖਾਂ ਦੀ ਬਾਰਸ਼ ਆਈ,
ਬਿਨ ਪਾਣੀ ਸਾਗਰ ਵਿਚ ਕਿਨ੍ਹ ਲਾਈ ਤਾਰੀ।
ਗਮਾਂ ਦੀ ਚਾਦਰ ਭਾਰੀ ਜਾਂ ..........

ਜਿਸ ਕੰਮ ਨੂੰ ਹੱਥ ਪਾਵਾਂ ਉਥੇ ਮਾਰ ਖਾਵਾਂ,
ਹਿੰਮਤ ਹਾਰੀ ਸਾਥ ਨਾ ਦੇਵੇ ਕਿੱਥੇ ਜਾਵਾਂ,
ਆਸਾਂ ਦੇ ਸਮੁੰਦਰ ’ਤੇ ਫਿਰ ਗਈ ਆਰੀ,
ਗਮਾਂ ਦੀ ਚਾਦਰ ਭਾਰੀ ਜਾਂ ..........

ਕੋਸ਼ਿਸ਼ ਕੀਤੀ ਦੁੱਖ ਦਰਦ ਛੁਪਾਉਣ ਦੀ,
ਹਿੰਮਤ ਕੀਤੀ ਨਾ ਚਿਹਰੇ ’ਤੇ ਲਿਆਉਣ ਦੀ,
ਉਹ ਵੀ ਜਵਾਬ ਦੇ ਗਈ ਮੱਤ ਪਈ ਮਾਰੀ।
ਗਮਾਂ ਦੀ ਚਾਦਰ ਭਾਰੀ ਜਾਂ ...........

ਬਚਪਨ ਵਿਚ ਦੁੱਖ ਝੱਲੇ ਹੌਂਸਲਾ ਹਾਰਿਆ ਨਾ,
ਤੇਰਾ ਭਾਣਾ ਮੀਠਾ ਮੰਦਾ ਕਦੀ ਉਚਾਰਿਆ ਨਾ,
ਦੁੱਖਾਂ ਅਤੇ ਗਮਾਂ ਵਿਚ ਡੁੱਬੀ ਦੁਨੀਆਂ ਸਾਰੀ।
ਗਮਾਂ ਦੀ ਚਾਦਰ ਭਾਰੀ ਜਾਂ ਮੇਰੀ ਤਕਦੀਰ ਮਾੜੀ।



# ਨਵੇਂ ਦੀਆਂ ਉਡੀਕਾਂ

ਨਵੇਂ ਦੀ ਖ਼ੁਸ਼ੀ ਵਿਚ ਕੀਤੀਆਂ ਬਹੁਤ ਉਡੀਕਾਂ,
ਅਖੀਰ ਮਹੀਨਾ ਗਿਣ-ਗਿਣ ਲੰਘਾਈਆਂ ਤਰੀਕਾਂ।

ਦਿਨ ਕੱਤੀ ਦਸੰਬਰ ਪਈ ਰਾਤ ਹਨੇਰਾ ਛਾ ਗਿਆ,
ਜਿਸ ਦੀਆਂ ਉਡੀਕਾਂ ਆਉਣ ਦਾ ਵੇਲਾ ਆ ਗਿਆ।

ਪੁਰਾਣਾ ਆਪਣੀ ਅੰਤਮ ਮੰਜ਼ਲ ਵੱਲ ਵਧ ਰਿਹਾ,
ਨਵਾਂ ਖ਼ੁਸ਼ੀਆਂ ਨਾਲ ਪਿੱਛੇ-ਪਿੱਛੇ ਸਿਰ ਕੱਢ ਰਿਹਾ।

ਪੁਰਾਣਾ ਮੰਜ਼ਲ ਆਉਂਦਿਆਂ ਅਲਵਿਦਾ ਕਹਿ ਗਿਆ,
ਨਵਾਂ ਸ਼ਾਨੋ-ਸ਼ੌਕਤ ਨਾਲ ਸਿੰਘਾਸਨ ’ਤੇ ਬਹਿ ਗਿਆ।

ਨਵੇਂ ਸਾਲ ਦੀਆਂ ਖ਼ੁਸ਼ੀਆਂ ਲੋਕ ਜਸ਼ਨ ਮਨਾਉਂਦੇ,
ਮੰਦਰ, ਮਸਜਿਦ ਗੁਰਦਵਾਰੇ ਨਵਾਂ ਸਾਲ ਚੜ੍ਹਾਉਂਦੇ।

ਏਨਾ ਹੀ ਨਹੀਂ ਕੁਝ ਪਾਰਟੀਆਂ ਵਿਚ ਜਸ਼ਨ ਮਨਾਉਂਦੇ,
ਪੁਰਾਣੇ ਨੂੰ ਕਹਿ ਅਲਵਿਦਾ ਨਵੇਂ ਨੂੰ ਹਿਰਦੇ ਵਸਾਉਂਦੇ।

ਚਹੇਤੇ ਦੇ ਰਹੇ ਇਕ ਦੂਜੇ ਨੂੰ ਨਵੇਂ ਸਾਲ ਦੀਆਂ ਵਧਾਈਆਂ,
ਕੁਝ ਨੇ ਫੋਨ ਤੇ ਕੁਝ ਨੇ ਸੋਸ਼ਲ ਮੀਡੀਆ ਰਾਹੀਂ ਪੁਚਾਈਆਂ।

ਸਾਡੇ ਜੀਵਨ ਵਿਚ ਇਕ ਹੋਰ ਸਾਲ ਦਾ ਸਫਰ ਸ਼ੁਰੂ ਹੋਇਆ,
ਜਦੋਂ ਨਵੇਂ ਸਾਲ ਨੇ ਦਸਤਕ ਦਿੱਤੀ ਆਣ ਬਰੂਹੀਂ ਖੜੋਇਆ।

# ਜੇ ਮਾਂ ਗਈ ਨੂੰ

ਜੇ ਮਾਂ ਗਈ ਨੂੰ ਕੋਈ ਮੋੜ ਲਿਆਵੇ,
ਕਦੀ ਨਾ ਸੁਪਨੇ ਵਿਚ ਫਿਰ ਆਵੇ।

ਮਾਂ ਦੀਆਂ ਅਸੀਸਾਂ, ਪੁੱਤ ਦੇ ਦੁਖ ਸੁਖ ਮਾਂ ਵੰਡਾਵੇ,
ਮਾਂ ਪੁੱਤ ਦਾ ਰਿਸ਼ਤਾ ਕਿਉਂ ਪੁੱਤ ਇਕੱਲਾ ਰਹਿ ਜਾਵੇ,
ਮਾਂ ਪੁੱਤ ਦੀ ਇੱਕੋ ਜਾਨ, ਰੱਬ ਕਿਉਂ ਵੱਖ ਕਰਾਵੇ?
ਜੇ ਮਾਂ ਗਈ ਨੂੰ ਕੋਈ ਮੋੜ ਲਿਆਵੇ ............

ਮਾਂ ਦੀਆਂ ਲੋਰੀਆਂ ਜੱਗ ਥੋੜ੍ਹੀਆਂ ਨਾ ਹੋਣ ਨਸੀਬ ਸਭ ਨੂੰ,
ਮਾਂ ਦਾ ਦੁੱਧ ਨਸੀਬ ਨਾ ਹੋਵੇ ਪੁੱਤ ਰਹਿੰਦਾ ਕੋਸਦਾ ਰੱਬ ਨੂੰ,
ਪੇਸ਼ ਨਾ ਜਾਵੇ ਵਿਛੋੜਾ ਮਾਂ ਦਾ ਪੁੱਤ ਕੋਲੋਂ ਨਾ ਝੱਲਿਆ ਜਾਵੇ,
ਜੇ ਮਾਂ ਗਈ ਨੂੰ ਕੋਈ ਮੋੜ ਲਿਆਵੇ .............

ਲੱਖ ਕੋਸ਼ਿਸ਼ਾਂ ਕਰੇ ਮਾਂ ਦੀਆਂ ਦੁਆਵਾਂ ਨਾ ਕੋਈ ਦੇਵੇ ਹੋਰ,
ਮਾਂਵਾਂ ਠੰਢੀਆਂ ਛਾਂਵਾਂ ਮਾਂ ਬਿਨਾਂ ਨਾ ਪੂਰੀ ਕਰੇ ਕੋਈ ਲੋੜ,
ਤੱਕਦੀ ਰਹੇ ਰਾਹ ਪੁੱਤ ਦਾ ਜਦ ਪੈਰ ਬਾਹਰ ਬਰੂਹੋਂ ਪਾਵੇ,
ਜੇ ਮਾਂ ਗਈ ਨੂੰ ਕੋਈ ਮੋੜ ਲਿਆਵੇ ............

ਮਾਂ ਪੁੱਤ ਤੋਂ ਵਾਰੀ ਜਾਵੇ ਪਿਆਰ ਦੀ ਸਗੰਧ ਸੁੰਘਾਵੇ ਮਾਂ,
ਪੁੱਤ ਨੂੰ ਤੱਤੀ ਵਾਅ ਨਾ ਲੱਗੇ ਮੇਰੀ ਭਾਵੇਂ ਕੱਢ ਲਏ ਜਾਨ,
ਪੁੱਤ ਮਾਂ ਦੇ ਜਿਗਰ ਦਾ ਟੁਕੜਾ ਅਲੱਗ ਕਿਉਂ ਹੋ ਜਾਵੇ?
ਜੇ ਮਾਂ ਗਈ ਨੂੰ ਕੋਈ ਮੋੜ ਲਿਆਵੇ ................

ਪਿਆਰ ਕਰਨ ਮਾਂ ਵਰਗਾ ਮੋਹ-ਪਿਆਰ ਨਾ ਦੇਵੇ ਕੋਈ,
ਕੋਈ ਗੱਲ, ਰਤਾ ਵੀ ਜੇ ਰੋਣ ਲੱਗੇ ਝੱਟ ਪੱਟ ਮਾਂ ਅੱਗੇ ਹੋਈ,
ਪੁੱਤ ਲੱਖ ਵਾਰ ਕਰੇ ਗ਼ਲਤੀਆਂ ਮਾਂ ਨਾ ਗੁੱਸੇ ਵਿਚ ਆਵੇ,
ਜੇ ਮਾਂ ਗਈ ਨੂੰ ਕੋਈ ਮੋੜ ਲਿਆਵੇ .................



ਮਾਂ ਕਹਿੰਦੀ ਮੇਰੀ ਉਮਰ ਤੈਨੂੰ ਲੱਗ ਜਾਵੇ ਮਾਂ ਜਾਇਆ,
ਧੀਆਂ ਪੁੱਤਾਂ ਤੋਂ ਘੱਟ ਨਹੀਂ ਮਾਂ ਨੇ ਕਰ ਸੱਚ ਵਿਖਾਇਆ,
ਧਰਤੀ ਮਾਂ ਦੀ ਗੋਦ ਵਿਚ ਮਾਂ ਨਾ ਕਦੀ ਸਮੇਟੀ ਜਾਵੇ,
ਜੇ ਮਾਂ ਗਈ ਨੂੰ ਕੋਈ ਮੋੜ ਲਿਆਵੇ,
ਕਦੀ ਨਾ ਸੁਪਨੇ ਵਿਚ ਫਿਰ ਆਵੇ।

# ਇਹ ਤੇਰਾ ਇਨਸਾਫ

ਇਹ ਤੇਰਾ ਇਨਸਾਫ ਰੱਬਾ ਲੱਭਣ ਗਏ ਨਾ ਲੱਭਾ,
ਖਾਲੀ ਪੇਟ ਸੌਂ ਜਾਵਣ ਤੇਰੇ ਨਾਂ ਨੂੰ ਨਾ ਲਾਵਣ ਧੱਬਾ।

ਤੇਰੀ ਰਜ਼ਾ ਵਿਚ ਰਹਿਣਾ ਜਾਣਦੇ ਦਿਨ ਹੋਵੇ ਜਾਂ ਰਾਤ,
ਪੈਰੋਂ ਨੰਗੇ ਸਿਰ 'ਤੇ ਛੱਤ ਨਹੀਂ ਮੀਂਹ ਹੋਵੇ ਜਾਂ ਬਰਸਾਤ।

ਸੌਂ ਜਾਵਣ ਫੁਟਪਾਥ 'ਤੇ ਨਹੀਂ ਕੱਪੜਾ ਤਨ ਢੱਕਣ ਨੂੰ,
ਉਹ ਵੀ ਤੇਰੇ ਬੰਦੇ ਜਿਨ੍ਹਾਂ ਨੂੰ ਥਾਂ ਨਹੀਂ ਲੱਭਦੀ ਰੱਖਣ ਨੂੰ।

ਫਿਰ ਕਿਉਂ ਪੈਦਾ ਕੀਤੇ ਰੋਲਣ ਲਈ ਉਹ ਬੇਨਸੀਬ ਤੂੰ,
ਤੇਰੇ ਘਰ ਵਿਚ ਇਨਸਾਫ਼ ਨਹੀਂ ਅਮੀਰਾਂ ਦੇ ਕਰੀਬ ਤੂੰ।

ਉਹਨਾਂ ਸੰਗ ਇਹ ਤੇਰਾ ਇਨਸਾਫ਼ ਕਰੇਂ ਕਰਾਵੇਂ ਆਪ,
ਜੇਕਰ ਪੈਦਾ ਕਰ ਹੀ ਦਿੱਤੇ ਕਿਉਂ ਕਰਾਵੇਂ ਵਿਰਲਾਪ?

ਚੰਗਾ ਹੋਵੇ ਜੰਮਣ ਤੋਂ ਪਹਿਲਾਂ ਉਹਨਾਂ ਨੂੰ ਮਾਰ ਦੇਵੇਂ,
ਮਾੜਾ ਵਕਤ ਉਹਨਾਂ ਨੂੰ ਵੇਖਣਾ ਪਊ ਫਿਰ ਕਿਵੇਂ?

ਤੇਰੇ ਘਰ ਇਨਸਾਫ਼ ਨਹੀਂ ਹੋਰ ਕਿਤੇ ਮਿਲਣਾ ਕੀ,
ਐਸੀ ਜੂਨੇ ਪਾ ਦੇਵੀਂ ਰੁੱਖੀ-ਮਿੱਸੀ ਖਾ ਕੇ ਲਊ ਜੀਅ।

ਜੇ ਇਹ ਹੀ ਤੇਰਾ ਇਨਸਾਫ਼ ਤਾਂ ਆਪੇ ਜਾਊ ਕੱਟੀ,
ਮੈਨੂੰ ਜੀਉਂਦਾ ਰੱਖਣਾ ਤੇਰਾ ਇਨਸਾਫ ਮੇਰੀ ਖੱਟੀ।

ਅਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ,
ਏਕ ਨੂਰ ਸੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ?

ਇਹ ਜੀਵ ਤੇਰੀ ਖ਼ਲਕਤ ਤੂੰ ਇਹਨਾਂ ਨੂੰ ਪੈਦਾ ਕੀਤਾ,
ਫਿਰ ਇਹਨਾਂ ਨਾਲ ਐਸਾ ਭੇਦ-ਭਾਵ ਕਿਉਂ ਕੀਤਾ?



# ਮਾਂ ਜੇ ਤੂੰ ਨਾ ਹੁੰਦੀ

ਮਾਂ ਜੇ ਤੂੰ ਨਾ ਹੁੰਦੀ ਮੈਂ ਨਾ ਹੁੰਦਾ,
ਮੈਂ ਨਾ ਹੁੰਦਾ ਮੇਰਾ ਪਰਵਾਰ ਨਾ ਹੁੰਦਾ,
ਫਿਰ ਇਹ ਸਾਰਾ ਸੰਸਾਰ ਨਾ ਹੁੰਦਾ।

ਧੀ ਮਾਰਨ ਦੀ ਕੋਈ ਗੱਲ ਨਾ ਕਰਦਾ,
ਪੁੱਤਾਂ ਦੀ ਮਨਸ਼ਾ ਕੌਣ ਪੂਰੀ ਕਰਦਾ?

ਮਾਂ ਤੂੰ ਨਾ ਹੁੰਦੀ ਤਾਂ ਗ੍ਰਿਹਸਤੀ ਨਾ ਹੁੰਦੀ,
ਤੇਰੇ ਬਿਨ ਇਹ ਕੁੱਲ ਸ੍ਰਿਸ਼ਟੀ ਨਾ ਹੁੰਦੀ।

ਕੌਣ ਪੂਰੀਆਂ ਕਰਦਾ ਮਾਂ ਦੀਆਂ ਰਸਮਾਂ,
ਸੌ ਵਾਰ ਕੋਈ ਭਾਵੇਂ ਖਾ ਲਏ ਕਸਮਾਂ?

ਮਾਂ ਬਿਨਾਂ ਨਾ ਹੁੰਦਾ ਚੁੱਲ੍ਹਾ ਚੌਂਕਾ ਵਿਹੜਾ,
ਪੈਗੰਬਰਾਂ ਨੂੰ ਜਨਮ ਫਿਰ ਦਿੰਦਾ ਕਿਹੜਾ?

ਤੂੰ ਨਾ ਹੁੰਦੀ ਕੌਣ ਸਾਂਭਦਾ ਘਰ ਦਾ ਕੰਮ-ਕਾਜ,
ਤੇਰੇ ਬਿਨ ਅਧੂਰਾ ਰਹਿ ਜਾਣਾ ਸੀ ਇਹ ਸਮਾਜ!

ਮਾਂ ਦਾ ਪਿਆਰ ਨਹੀਂ ਲੱਭਦਾ ਜੇ ਲੱਭਣ ਜਾਵਾਂ,
ਰਿਸ਼ਤੇਦਾਰ ਬਥੇਰੇ ਕਿਹਨੂੰ ਮਾਂ ਆਖ ਬੁਲਾਵਾਂ?

ਮਾਂ ਤੁਰ ਜਾਵੇ ਨਾ ਆਵੇ ਤਾਂ ਰੀਝਾਂ ਕੌਣ ਕਰਾਵੇ,
ਮਾਂ ਬਾਝੋਂ ਫਿਰ ਕੌਣ ਵਿਹੜੇ ਵਿਚ ਚਰਖਾ ਡਾਹਵੇ।

ਮਾਂ ਦਾ ਰਿਸ਼ਤਾ ਲੱਭਣ 'ਤੇ ਕਦੀ ਲੱਭ ਨਾ ਪਾਵਾਂ,
ਚਾਰੇ ਕੂਟਾਂ ਭਾਲਣ 'ਤੇ ਮਾਂ ਦਾ ਦਿੱਸੇ ਨਾ ਪਰਛਾਵਾਂ।

## ਸਭ ਦਾ ਹੋ ਕੇ ਵੇਖ ਲਿਆ

ਜੀਵ ਜੰਤ ਸਭ ਤੁਧ ਉਪਾਏ ਤੂੰਹੀ ਰਚਿਆ ਇਹ ਸੰਸਾਰ,
ਤੈਨੂੰ ਛੱਡ ਜਾਵਾਂ ਕਿੱਥੇ, ਤੇਰੇ ਸੰਗ ਪ੍ਰੀਤ ਲਾਉਣੀ ਸਾਕੀ,
ਇਹੋ ਗੱਲ ਸੱਚੀ ਸਭ ਦਾ ਹੋ ਕੇ ਵੇਖ ਲਿਆ ਤੇਰਾ ਹੋਣਾ ਬਾਕੀ।

ਸਭ ਝੂਠ ਤੇਰੀਆਂ ਤੂੰ ਹੀ ਜਾਣੇ ਇਹ ਜਗਤ ਚੱਲੇ ਤੇਰੇ ਭਾਣੇ,
ਭੈਣ-ਭਰਾ, ਸੱਜਣ-ਮਿੱਤਰ ਰਿਸ਼ਤੇਦਾਰ ਸਾਰੇ ਹੋ ਗਏ ਆਕੀ,
ਸਭ ਦਾ ਹੋ ਕੇ ਵੇਖ ਲਿਆ ................

ਮੰਦਰਾਂ ਮਸਜਿਦਾਂ ਗੁਰਦੁਆਰਿਆਂ ਵਿਚ ਪੂਜਾ ਕਰਨ ਜੋ ਤੇਰੀ,
ਪੂਜਾ ਪਾਠ ਕਿਸੇ ਕੰਮ ਨਹੀਂ ਆਉਣੀ ਜੇ ਪਿਰ ਸਿਉਂ ਪ੍ਰੀਤ ਨਾ ਲਾਗੀ,
ਸਭ ਦਾ ਹੋ ਕੇ ਵੇਖ ਲਿਆ ................

ਧੰਨ-ਦੌਲਤ ਨਾਲ ਯਾਰੀ ਮੁਸ਼ਕਲ ਫਸ ਗਿਆ ਵਿਚ ਭਾਰੀ,
ਦੁੱਖ ਪਾਏ ਕੋਈ ਨਾ ਲਾਗੇ ਆਏ ਤੇਰੇ ਦਰ ਦਾ ਹੋਣਾ ਬਾਕੀ,
ਸਭ ਦਾ ਹੋ ਕੇ ਵੇਖ ਲਿਆ .................

ਮਹਿਲ ਮਾੜੀਆਂ ਦੀ ਕੋਈ ਖ਼ਾਹਿਸ਼ ਨਾ ਬਸ ਸਿਰ 'ਤੇ ਹੋਵੇ ਛੱਤ,
ਮੀਂਹ ਹਨੇਰੀ ਝੱਖੜ ਆਵੇ ਤਨ ਢੱਕਣ ਨੂੰ ਮਿਲ ਜਾਵੇ ਟਾਕੀ,
ਸਭ ਦਾ ਹੋ ਕੇ ਵੇਖ ਲਿਆ ................

ਗੁਰੂ-ਘਰਾਂ ਵਿਚ ਕਰਨ ਵਪਾਰ ਕਹਿੰਦੇ ਧਰਮ ਦੇ ਠੇਕੇਦਾਰ,
ਧਰਮ ਦੇ ਕਹਿੰਦੇ ਪਹਿਰੇਦਾਰ ਗੱਲ ਨਾ ਕਰਨ ਇਖਲਾਕੀ,
ਸਭ ਦਾ ਹੋ ਕੇ ਵੇਖ ਲਿਆ .................

ਦਸਾਂ ਨਹੁੰਆਂ ਦੀ ਕਿਰਤ ਕਰਾਵੀਂ ਲੋੜੋਂ ਵੱਧ ਨਾ ਝੋਲੀ ਪਾਵੀਂ,
ਤੇਰੇ ਦਰ ਦਾ ਸੇਵਕ ਬਣ ਜਾਂਵਾਂ ਛੱਡ ਹੇਰਾ ਫੇਰੀ ਚਲਾਕੀ,
ਸਭ ਦਾ ਹੋ ਕੇ ਵੇਖ ਲਿਆ ...................



ਧੀਆਂ-ਪੁੱਤਰ, ਪਰਵਾਰ ਧਨ-ਦੌਲਤ ਇਕ ਮੋਹ ਜੰਜਾਲ,
ਇਹਨਾਂ ਸੰਗ ਪ੍ਰੀਤ ਵੇਖ ਲਈ ਤੇਰੇ ਨਾਲ ਲਾਉਣੀ ਝਾਕੀ,
ਸਭ ਦਾ ਹੋ ਕੇ ਵੇਖ ਲਿਆ ....................

ਡਿਠੇ ਸੱਭੇ ਥਾਉਂ ਨਹੀਂ ਤੁੱਧ ਜਿਹਾ ਸੱਜੇ ਖੱਬੇ ਭਟਕਦਾ ਰਿਹਾ,
ਤੇਰੇ ਬਿਨ ਗੱਤ ਨਹੀਂ ਹੋਣੀ ਸੋਚਿਆ ਸਭ ਦੀ ਕਰਾ ਤਾਲਾਕੀ,
ਸਭ ਦਾ ਹੋ ਕੇ ਵੇਖ ਲਿਆ .................

ਖਾਲੀ ਹੱਥ ਆਇਆ ਖਾਲੀ ਜਾਣਾ ਸਿਰਫ਼ ਦੋ ਗਜ਼ ਮਿਲਣੀ ਭੌਂ,
ਤੈਨੂੰ ਭੁਲਾ ਬੈਠਾ ਐਸਾ ਕਿਉਂ ਇਕ ਚਾਹਤ ਰਹਿ ਗਈ ਬਾਕੀ ?
ਸਭ ਦਾ ਹੋ ਕੇ ਵੇਖ ਲਿਆ ਤੇਰਾ ਹੋਣਾ ਬਾਕੀ।

# ਧੀ ਦੀ ਲੋਹੜੀ

ਰੱਬਾ ਕਦੀ ਐਸਾ ਦਿਨ ਸੁਲੱਖਣਾ ਵੀ ਆਊਗਾ,
ਹਰ ਮਾਂ-ਪਿਉ ਆਪਣੀ ਧੀ ਦੀ ਲੋਹੜੀ ਪਾਊਗਾ।

ਧੀ-ਪੁੱਤ ਬਰਾਬਰ ਸਮਝੇ ਧੀ ਦੀ ਲੋਹੜੀ ਪਾਵੇ,
ਰਾਜੇ ਯੋਧੇ ਜੰਮਣ ਵਾਲੀ, ਕੁੱਖ ਵਿਚ ਨਾ ਮਰ ਜਾਵੇ।

ਨਾ ਮਾਰੋ ਲੋਕੋ ਧੀਆਂ ਨੂੰ ਇਹਨਾਂ ਰੱਬ ਦੇ ਜੀਆਂ ਨੂੰ,
ਨਵਾਂ ਸਮਾਜ ਰਚਾ ਦੇਵੋ ਤੋੜ ਪੁਰਾਣੀਆਂ ਲੀਹਾਂ ਨੂੰ।

ਪੁੱਤਰ-ਧੀ ਵਿਚ ਫ਼ਰਕ ਨਾ ਧਰਮ ਗ੍ਰੰਥ ਵੀ ਕਹਿੰਦੇ,
ਗ੍ਰੰਥਾਂ ਵਿਚ ਦਰਜ ਦਾ ਸਹੀ ਅਰਥ ਕਿਉਂ ਨਹੀਂ ਲੈਂਦੇ?

ਬਿਨਾਂ ਧੀਆਂ ਨਾ ਅੱਗੇ ਕੁਲ ਵਧਦੀ ਕੁਦਰਤ ਦਾ ਅਸੂਲ,
ਕੁਲ ਅੱਗੇ ਤੋਰਨ ਲਈ ਧੀਆਂ ਨੂੰ ਨਾ ਮਾਰਨਾ ਕਰੋ ਕਬੂਲ।

ਕਹਿੰਦੇ ਔਰਤ ਦਾ ਹੱਥ ਆਦਮੀ ਦੀ ਕਾਮਯਾਬੀ ਪਿੱਛੇ,
ਕੀ ਹੋਵੇਗਾ ਫਿਰ ਸਮਾਜ ਵਿਚ ਜੇ ਔਰਤ ਹੀ ਨਾ ਦਿੱਸੇ।

ਨਾ ਧੀ ਨਾ ਹੋਵੇ ਨੂੰਹ ਔਰਤਾਂ ਦਾ ਫਿਰ ਪੈ ਜਾਊ ਕਾਲ,
ਪੁੱਤ ਕਵਾਰੇ ਰਹਿਣ ਫਿਰ ਮਾਂ-ਪਿਉ ਨੂੰ ਆਊ ਖਿਆਲ।



# ਪਿੰਡਾਂ ਦੀ ਨੁਹਾਰ

ਕੱਚੇ ਕੋਠਿਆਂ ਨੂੰ ਭੁੱਲ ਗਏ ਸਾਰੇ,
ਸਭ ਨੇ ਪੱਕੇ ਉਸਾਰ ਲਏ ਚੁਬਾਰੇ।

ਘਰ ਬੰਦ ਚਾਰ-ਦੀਵਾਰੀ ਅੰਦਰ,
ਆਪੋ ਆਪਣੇ ਗੁਰਦਵਾਰੇ ਮੰਦਰ।

ਕੋਠੇ ਕੱਚੇ, ਨਹੀਂ ਸੀ ਏ. ਸੀ. ਦੀ ਲੋੜ,
ਨਹੀਂ ਸੀ ਕੋਈ ਬਿਜਲੀ ਦੀ ਥੋੜ।

ਝਾਤ ਮਾਰੀਏ ਪੁਰਾਣੇ ਪਿੰਡਾਂ ਦੀ,
ਯਾਦ ਆਵੇ ਖੂਹ ਦੀਆਂ ਟਿੰਡਾਂ ਦੀ।

ਖੂਹਾਂ ਦੀ ਥਾਂ ਟਿਊਬਵੈੱਲ ਆ ਗਏ,
ਧਰਤੀ ਥੱਲਿਉਂ ਪਾਣੀ ਖਾ ਲਏ।

ਬਿਜਲੀ ਦਾ ਅੱਜ ਪੈ ਗਿਆ ਕਾਲ,
ਪਹਿਲਾਂ ਨਾਲੋਂ ਅੱਜ ਬੁਰਾ ਹਾਲ।

ਨਾ ਅੱਜ ਸਾਂਝੀਆਂ ਥਾਂਵਾਂ ਰਹੀਆਂ,
ਬੋਹੜਾਂ ਦੇ ਨਾਲ ਛਾਵਾਂ ਗਈਆਂ।

ਨਾ ਅੱਜ ਲੱਭਣ ਤਿੱਤਰ ਤੇ ਮੋਰ,
ਜਿੰਨਾ ਮਰਜ਼ੀ ਭਾਵੇਂ ਲਾ ਲਉ ਜ਼ੋਰ।

ਨਾ ਅੱਜ ਕਿਧਰੇ ਬਿੱਜੜੇ ਲੱਭਦੇ,
ਨਾ ਡੂਮਣੇ ਦਰੱਖ਼ਤਾਂ ਨਾਲ ਲੱਗਦੇ।

ਪਿੰਡੋਂ ਉੱਠ ਬਹਿਕਾਂ 'ਤੇ ਬਹਿ ਗਏ,
ਖਾਲੀ ਘਰ ਬਣ ਕੇ ਖੋਲ਼ੇ ਰਹਿ ਗਏ।

# ਪਿੰਡ ਦੀਆਂ ਗਲੀਆਂ

ਸੁੰਨੀਆਂ ਗਲੀਆਂ ਪਿੰਡ ਦੀਆਂ ਵੱਢ ਖਾਣ ਨੂੰ ਪੈਂਦੀਆਂ,
ਪੈਰ ਧਰਨ ਦੀ ਕੋਸ਼ਿਸ਼ ਕਰਾਂ ਤਾਂ ਭਾਰ ਨਾ ਸਹਿੰਦੀਆਂ।

ਨਾ ਬੋਲਦੀਆਂ ਨਾ ਸੁਣਦੀਆਂ ਜਿਵੇਂ ਕੁਝ ਕਹਿੰਦੀਆਂ,
ਸੁੰਨ ਮਸਾਨ ਬੁੱਤ ਵਾਂਗੂੰ ਇਹ ਮੇਰੇ ਵੱਲ ਤੱਕੀ ਜਾਂਦੀਆਂ।

ਨਾ ਇਹ ਸਮਝਣ ਨਾ ਮੈਂ ਸਮਝਾਂ ਲੰਮਾ ਅਰਸਾ ਹੋ ਗਿਆ,
ਲੱਗਦਾ ਮੈਨੂੰ ਇਹ ਖੋ ਗਈਆਂ ਮੈਂ ਇਹਨਾਂ ਨੂੰ ਖੋ ਗਿਆ।

ਪਲ ਜੋ ਹਾਣੀਆਂ ਨਾਲ ਬਿਤਾਏ ਅਜੇ ਵੀ ਯਾਦ ਆਉਂਦੇ,
ਸ਼ਾਮ ਢਲਦਿਆਂ ਇਹਨਾਂ ਗਲੀਆਂ ਵਿਚ ਸ਼ੋਰ ਮਚਾਉਂਦੇ।

ਇੰਝ ਲੱਗਦਾ ਜਿਵੇਂ ਬਸ ਗੱਲਾਂ ਹੀ ਚੇਤੇ ਰਹਿ ਗਈਆਂ,
ਰੌਣਕਾਂ ਇਕ ਸੁਪਨਾ ਬਣ ਦਰਿਆ ਵਿਚ ਵਹਿ ਗਈਆਂ।

ਇੰਜ ਲੱਗਦਾ ਇਹ ਗਲੀਆਂ ਕੋਈ ਦੇਣ ਸੁਨੇਹਾ ਮੈਨੂੰ,
ਅਸਾਂ ਉਡੀਕ ਬਥੇਰੀ ਕੀਤੀ ਹੁਣ ਭੁੱਲ ਗਈਆਂ ਹਾਂ ਤੈਨੂੰ।

ਸੋਚਾਂ ਵਿੱਚ ਕੀ ਮੈਂ ਸੋਚ ਰਿਹਾ ਕੁਝ ਨਾ ਮੈਨੂੰ ਸੁੱਝਦਾ,
ਇਹਨਾਂ ਪਾਈ ਬੁਝਾਰਤ ਗੁੱਝੀ ਕਿਵੇਂ ਫਿਰ ਬੁੱਝਦਾ ?



# ਖੇਤਾਂ ਦਾ ਰਾਜਾ

ਸ਼ੇਰ ਜੰਗਲ ਦਾ, ਕਿਸਾਨ ਖੇਤਾਂ ਦਾ ਰਾਜਾ,
ਸ਼ੇਰ ਸ਼ਿਕਾਰੀ ਉਹ ਖਲਕਤ ਦਾ ਅੰਨਦਾਤਾ।

ਵਿਰਸੇ ਵਿਚ ਜੱਦੀ ਪੁਸ਼ਤੀ ਖੇਤ ਵਿਰਾਸਤ,
ਜ਼ਮੀਨ ਮਾਣ-ਸਤਿਕਾਰ ਪੀੜ੍ਹੀਆਂ ਦੀ ਰਿਆਸਤ।

ਹੱਲ਼-ਪੰਜਾਲੀ ਲੈ ਤੜਕੇ ਖੇਤਾਂ ਦਾ ਕਰੇ ਖਿਆਲ,
ਦੱਬ ਕੇ ਵਾਹ ਰੱਜ ਕੇ ਖਾਹ ਦਾ ਉਹ ਭਾਈਵਾਲ।

ਸਖ਼ਤ ਮਿਹਨਤ ਉਹ ਕਰਦਾ ਕੋਈ ਨਹੀਂ ਸ਼ੱਕ,
ਧੁੱਪ, ਮੀਂਹ, ਦਿਨ ਜਾਂ ਰਾਤ ਬਹਿੰਦਾ ਨਹੀਂ ਥੱਕ।

ਧੁਪ ਜਾਂ ਛਾਂ ਹੋਵੇ ਉਹਨੂੰ ਖੇਤਾਂ ਨਾਲ ਪਿਆਰ,
ਜਾਨ ’ਤੋਂ ਵੱਧ ਉਸ ਨੂੰ ਇਹ ਕੀਮਤੀ ਸਿਆੜ।

ਗਾਟੀ ਤੇ ਬੈਠ ਕੇ ਹਲਟ ਉਹ ਦਿਨ-ਰਾਤ ਚਲਾਵੇ,
ਗੀਤ ਖ਼ੁਸ਼ੀ ਦੇ ਗਾਵੇ ਨਾਲੇ ਖੇਤਾਂ ਨੂੰ ਪਾਣੀ ਲਾਵੇ।

ਫ਼ਸਲਾਂ ਉਸਦੀਆਂ ਕਣਕ, ਝੋਨਾ ਅਤੇ ਕਮਾਦ,
ਫ਼ਸਲਾਂ ਨੂੰ ਬੀਜ ਕੇ ਕਰਦਾ ਰੱਬ ਅੱਗੇ ਫਰਿਆਦ।

ਰੱਬਾ ਮੀਂਹ, ਸੋਕੇ ਤੂਫ਼ਾਨ ਤੋਂ ਫ਼ਸਲ ਮੇਰੀ ਬਚਾਵੀਂ,
ਬਣਾ ਰੱਬ ਦੇ ਘਰ ਦਾ ਦਾਨੀ ਦਸਵੰਧ ਕਢਾਵੀਂ।

ਸੋਹਣੀ ਫ਼ਸਲ ਵੇਖ ਕੇ ਬਾਗ਼ੋ-ਬਾਗ਼ ਹੋਵੇ ਕਿਰਸਾਨ,
ਝੱਖੜ ਮੀਂਹ ਹਨੇਰੀ ਬਹੁਤ ਘਰ ਆਊ ਤਾਂ ਜਾਣ।

ਹਾੜੀ ਸਾਉਣੀ ਕੱਟ ਵੇਚ ਕੇ ਜਦ ਉਹ ਘਰ ਲੈ ਆਵੇ,
ਨੱਚਦਾ-ਟੱਪਦਾ ਭੰਗੜੇ ਪਾਉਂਦਾ ਉਹ ਮੇਲੇ ਜਾਵੇ।

ਧਰਤੀ ਉਗਲੇ ਸੋਨਾ ਚਾਂਦੀ ਉਹ ਹੋਵੇ ਖ਼ੁਸ਼ਹਾਲ,
ਟੁਰਲੇ ਵਾਲੀ ਪੱਗ ਬੰਨ੍ਹ ਮੇਲੇ ਵਿਚ ਪਾਵੇ ਧਮਾਲ।

ਕਿਸਾਨ ਅੰਨਦਾਤਾ ਕੁਦਰਤ ਦੀ ਸਹਿੰਦਾ ਮਾਰ,
ਕੀ ਜ਼ਿੰਦਗੀ, ਸਰਕਾਰਾਂ ਵੀ ਨਹੀਂ ਲੈਂਦੀਆਂ ਸਾਰ!



# ਜ਼ਿੰਦਗੀ ਇਕ ਫ਼ਲਸਫ਼ਾ

ਖਾ ਲਿਆ ਪੀ ਲਿਆ ਮਜ਼ਾ ਲੈ ਦਿਹਾੜੀ ਨਿਕਲ ਗਈ,
ਇਕ ਇਕ ਦਿਨ ਕਰਕੇ ਜ਼ਿੰਦਗੀ ਸਾਰੀ ਨਿਕਲ ਗਈ।

ਕਦਰ ਨਾ ਕੀਤੀ ਸਮੇਂ ਦੀ ਕਾਹਲੀ-ਕਾਹਲੀ ਨਿਕਲ ਗਈ,
ਸਵਾਸਾਂ ਦਾ ਕੀ ਭਰੋਸਾ ਮੌਤ ਆਈ ਜ਼ਿੰਦਗੀ ਨਿਗਲ ਗਈ।

ਪੇਟ ਅਤੇ ਔਲਾਦ ਦੀ ਖ਼ਾਤਰ ਇਨਸਾਨ ਕੀ ਨਹੀਂ ਕਰਦਾ,
ਜ਼ਿੰਦਗੀ ਦਾ ਸਫ਼ਰ ਮੁੱਕ ਜਾਣਾ ਕੋਈ ਚਿੰਤਾ ਨਹੀਂ ਕਰਦਾ।

ਜੀਵਨ ਵਿਚ ਖਾਣਾ-ਪੀਣਾ ਮੌਜ-ਮੇਲਾ ਜ਼ਿੰਦਗੀ ਦਾ ਸ਼ੌਕ,
ਅੱਛੀ ਚੱਲੀ ਜਾਵੇ ਖ਼ੁਸ਼ਨਸੀਬ ਨਹੀਂ ਤਾਂ ਜ਼ਿੰਦਗੀ ਭੀ ਖ਼ੌਫ਼।

ਜ਼ਿੰਦਗੀ ਜੀਉਣ ਲਈ ਜ਼ਿੰਦਗੀ ਨੂੰ ਸਮਝਣਾ ਸੌਖਾ ਨਾ,
ਜੀਵਨ ਜੀਉਣ ਦੀ ਵਿਧੀ ਸਮਝ ਲਉ ਜੀਵਨ ਔਖਾ ਨਾ।

ਜ਼ਿੰਦਗੀ ਨਾ ਬਦਲੇ ਬਦਲ ਜਾਣ ਹੱਥਾਂ ਦੀਆਂ ਲਕੀਰਾਂ,
ਕੀ ਉਹਨਾਂ ਦੀ ਜ਼ਿੰਦਗੀ ਨਹੀਂ ਨਸੀਬ ਤਨ ਦੀਆਂ ਲੀਰਾਂ।

ਜ਼ਿੰਦਗੀ ਜੀਉਣ ਦਾ ਰੁਖ਼-ਢੰਗ ਮਨੁੱਖ ਆਪ ਬਣਾਉਂਦਾ,
ਜ਼ਰੂਰਤਾਂ ਅਤੇ ਖਾਹਿਸ਼ਾਂ ਦਾ ਫ਼ਰਕ ਸਮਝ ਕੇ ਸੁਖ ਪਾਉਂਦਾ।

ਜੀਵਨ ਦੇਣਾ ਤੇ ਜੀਵਨ ਲੈਣਾ ਉੱਪਰ ਵਾਲੇ ਦੀ ਖੇਲ,
ਜੀਵਨ ਚੰਗੇ ਪਾਸੇ ਲਾਉਣਾ ਕਰਾਵੇ ਖ਼ੁਸ਼ੀਆਂ ਦਾ ਮੇਲ।

ਸਮੁੰਦਰ ਦੀਆਂ ਲਹਿਰਾਂ ਸਮੁੰਦਰ ਵਿਚ ਸਮਾ ਜਾਂਦੀਆਂ.
ਜੀਵਨ-ਤਰੰਗਾਂ ਹੌਲੀ-ਹੌਲੀ ਜੀਵਨ ਵਿਚ ਖਪਾ ਜਾਂਦੀਆਂ।

ਜ਼ਿੰਦਗੀ ਦਾ ਫਲਸਫਾ ਸਿਖਾਇਆ ਗੁਰੂਆਂ, ਪੀਰਾਂ ਫ਼ਕੀਰਾਂ,
ਭੁੱਲ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਬੱਝ ਗਏ ਵਿਚ ਜ਼ੰਜੀਰਾਂ।

## ਸਾਹਿਬ ਸਾਡਾ

ਵੱਡਾ ਸਾਹਿਬ ਸਾਡਾ ਬੜਾ ਡਾਢਾ,
ਦਿਨ-ਰਾਤ ਖਿਆਲ ਜੋ ਰੱਖੇ ਸਾਡਾ।

ਆਪ ਜਪਾਵੇ ਆਪਣਾ ਨਾਮ,
ਦੋਵੇਂ ਵੇਲੇ ਸੁਬ੍ਹਾ ਔਰ ਸ਼ਾਮ।

ਵੇਖਣ ਨਾ ਦੇਵੇ ਔਖੀ ਘੜੀ,
ਲਾਈ ਰੱਖੇ ਖ਼ੁਸ਼ੀਆਂ ਦੀ ਝੜੀ।

ਹਰਿ ਮੰਦਿਰ ਇਹ ਸਰੀਰ,
ਓਹੀ ਸਾਡਾ ਗੁਰੂ ਉਹੀ ਪੀਰ।

ਬਾਹਰ ਕੋ ਭਾਲਣ ਜਾਈਏ,
ਤਾਂਈਉਂ ਹੀ ਦੁੱਖ ਪਾਈਏ।

ਉਸ ਦੀ ਲੀਲ੍ਹਾ ਅਪਰ ਅਪਾਰ,
ਮਾਰੇ ਹੰਕਾਰ ਤੇ ਵੰਡੇ ਪਿਆਰ।

ਦੁਖ ਸੁਖ ਸਭ ਤੁਝੇ ਧਿਆਏ,
ਬਲਦੀ ਅੱਗ 'ਚੋਂ ਆਪ ਬਚਾਏ।

ਔਖੇ ਵੇਲੇ "ਹਾਏ" ਜਦੋਂ ਕਰੀਏ,
ਫਿਰ ਕਿਉਂ ਨਾ ਉਸ ਕੋਲੋਂ ਡਰੀਏ।

ਉਹ ਨਹੀਂ ਕਿਸੇ ਨੂੰ ਆਪ ਡਰਾਉਂਦਾ,
ਭੁੱਲਿਆਂ ਨੂੰ ਸਿੱਧੇ ਰਾਹ ਪਾਉਂਦਾ।

ਫਿਰ ਕਿਉਂ ਉਸ ਨੂੰ ਮਨੋਂ ਭੁਲਾਈਏ,
ਤਾਂ ਬਹੁਤ ਵਗਾਰ ਦੁੱਖ ਪਾਈਏ।



ਸਦਾ ਲਈਏ ਫਿਰ ਉਸ ਦੀ ਓਟ,
ਮਨ ਵਿਚ ਨਾ ਕੋਈ ਰੱਖੀਏ ਖੋਟ।

ਉਹ ਅੰਗ-ਸੰਗ ਸਹਾਈ ਹੋਵੇ,
ਹਰ ਔਖੇ ਵੇਲੇ ਨਾਲ ਖਲੋਵੇ।

ਅਤੁੱਟ ਬਖਸ਼ਿਸ਼ਾਂ ਸਾਡੇ ਨਾਲ,
ਭੈਅ ਅੰਦਰ ਰਹਿ ਕਰੀਏ ਸੰਭਾਲ।

## ਪਤੀ ਪਤਨੀ ਅਤੇ ਤਾਲਾਕ

ਪਤੀ ਪਤਨੀ ਦਾ ਤਲਾਕ ਨਾ ਰੱਬ ਕਰਾਵੇ,
ਮਾਂ-ਬਾਪ ਦਾ ਰਿਸ਼ਤਾ ਨਾ ਉਲਝਣ ਵਿਚ ਪਾਵੇ।

ਰਿਸ਼ਤਾ ਅਜੀਬ ਰੱਖੇ ਧੀਆਂ ਪੁੱਤਰਾਂ ਦੇ ਕਰੀਬ,
ਬਦਨਸੀਬ, ਨਾ ਮਾਂ-ਬਾਪ ਦਾ ਪਿਆਰ ਨਸੀਬ।

ਤਲਾਕ ਵਿਚ ਨਹੀਂ ਪਤੀ ਪਤਨੀ ਦੀ ਭਲਾਈ,
ਸ਼ਾਦੀ ਵੇਲੇ ਬੰਧਨ ਵਿਚ ਬੱਝਣ ਦੀ ਕਸਮ ਖਾਈ।

ਪਰਵਾਰ ਵਿੱਚ ਜਦੋਂ ਕਦੀ ਆਵੇ ਖ਼ੁਸ਼ੀ ਦਾ ਅਵਸਰ,
ਖ਼ੁਸ਼ੀ ਦਾ ਅਵਸਰ ਮਾਂ-ਬਾਪ ਚੇਤੇ ਆਉਂਦੇ ਅਕਸਰ।

ਪਰਮਾਤਮਾ ਕਰੇ ਹੋਵੇ ਨਾ ਜੁਦਾਈ ਮਾਂ-ਬਾਪ ਦੀ,
ਐਸੀ ਘੜੀ ਬੱਚਿਆਂ ਲਈ ਬਣ ਜਾਵੇ ਸਰਾਪ ਦੀ।

ਸ਼ਾਦੀ ਵੇਲੇ ਸੋਚਿਆ ਨਾ ਇਹ ਨੌਬਤ ਕਦੀ ਆਵੇਗੀ,
ਕਿਸੇ ਮੋੜ 'ਤੇ ਜ਼ਿੰਦਗੀ ਇਕ-ਦੂਜੇ ਤੋਂ ਵੱਖ ਕਰਾਵੇਗੀ।

ਇਹ ਵਕਤ ਨਾ ਆਵੇ ਦੁਖ-ਸੁਖ ਵੰਡਾਉਂਦੇ ਰਹੀਏ,
ਰੱਬ ਸ਼ਕਤੀ ਦੇਵੇ ਤਲਾਕ ਦਾ ਕਦੀ ਨਾਂ ਨਾ ਲਈਏ।

ਬੱਚਿਆਂ ਦਾ ਜੀਵਨ ਸੁਖੀ, ਉੱਚੀ ਪੜ੍ਹਾਈ ਕਰਾਈਏ,
ਦੋ ਭਾਂਡੇ ਖੜਕ ਪੈਂਦੇ ਤਲਾਕ ਤਕ ਨਾ ਗੱਲ ਲਿਜਾਈਏ।

ਖ਼ੁਸ਼ੀ ਤੇ ਖ਼ੁਸ਼ਹਾਲ ਪਰਵਾਰ ਸਭ ਦਾ ਹੋਵੇ ਇਹ ਖਿਆਲ,
ਪਰਮਾਤਮਾ ਵੱਲ ਹੋਵੇ, ਵਿਹੜਾ ਭਰਿਆ ਖ਼ੁਸ਼ੀਆਂ ਨਾਲ।

ਨਾ ਕੋਈ ਬੱਚਿਆਂ 'ਤੇ ਹੱਕ ਜਮਾਵੇ ਨਾ ਕੋਈ ਕੋਰਟ ਜਾਵੇ।
ਪਰਵਾਰ ਨਾ ਖੇਰੂੰ-ਖੇਰੂੰ ਹੋਵਣ ਬੱਚੇ ਮਾਂ-ਬਾਪ ਨਾ ਖੋਵਣ।



ਮਾਂ-ਪਿਉ ਰਹਿਣ ਇਕੱਠੇ ਪਰਵਾਰ ਦੀ ਹੋਵੇ ਸ਼ਲਾਘਾ,
ਪਰਵਾਰ ਦੀ ਸ਼ਲਾਘਾ ਬੱਝੇ ਰਹਿਣ ਵਾਂਗ ਰੇਸ਼ਮੀ ਧਾਗਾ।

ਘੁੰਮਣ ਦਾ ਖਿਆਲ ਖ਼ੁਸ਼ੀ ਪਰਵਾਰ ਮਾਂ-ਬਾਪ ਦੇ ਨਾਲ,
ਤਾਂ ਹੀ ਹੋ ਸਕਦਾ ਜੇ ਤਲਾਕ ਦਾ ਨਾ ਕਦੀ ਕਰਨ ਖਿਆਲ।

# ਅਜੋਕੀ ਸਿਆਸਤ

ਕੀ ਭਰੋਸਾ ਉਹਨਾਂ ਦਾ ਚੜ੍ਹਦੇ ਸੂਰਜ ਨੂੰ ਕਰਨ ਸਲਾਮ,
ਅੱਜ ਨਹੀਂ ਤੇਰੇ ਕੱਲ੍ਹ ਨਹੀਂ ਤੇਰੇ ਆਪੇ ਹੋ ਜਾਣ ਬਦਨਾਮ।

ਜੋ ਆਪਣਿਆਂ ਦੇ ਨਹੀਂ ਬਣੇ ਉਹਨਾਂ ਤੇਰੇ ਕੀ ਬਣਨਾ,
ਹਕੀਕਤ ਛੱਡ ਭਟਕੀਂ ਨਾ ਇਸ ਗੱਲ 'ਤੇ ਗੌਰ ਕਰਨਾ।

ਸਚਾਈ ਨਹੀਂ ਛੁਪਦੀ ਆਖਰ ਆਪਣਾ ਰੰਗ ਵਿਖਾਉਂਦੀ,
ਸੱਚੀ-ਸੁੱਚੀ ਸਿਆਸਤ ਲੋਕਾਂ ਦੇ ਦਿਲਾਂ 'ਤੇ ਰਾਜ ਕਰਾਉਂਦੀ।

ਸੱਚੀ ਸਿਆਸਤ ਨਹੀਂ ਰਹੀ ਭੁੱਲ ਜਾਣ ਜੋ ਕੀਤੇ ਵਾਇਦੇ,
ਕੋਠੀਆਂ ਭਰਨ ਵਿਚ ਲੱਗੇ ਰਹਿਣ ਸਿਆਸਤਦਾਨ ਕਾਹਦੇ।

ਤੰਦ ਹੋਵੇ ਤਾਂ ਗੰਢ ਲਈ ਜਾਵੇ ਮੁਸ਼ਕਿਲ ਗੰਢਣੀ ਤਾਣੀ,
ਭਰੋਸਾ ਕਰਨਾ ਉਵੇਂ ਜਿਵੇਂ ਸਮੁੰਦਰੀ ਲਹਿਰਾਂ ਦਾ ਪਾਣੀ।

ਝੂਠੇ ਵਾਇਦੇ ਕਰਨ ਬਥੇਰੇ ਜਿੱਤਣ ਬਾਅਦ ਨਾ ਤੇਰੇ ਨਾ ਮੇਰੇ।
ਲੋਕ ਭਲਾਈ ਦੇ ਕੰਮ ਕੀ ਕਰਨੇ ਪਹਿਲਾਂ ਆਪਣੇ ਢਿੱਡ ਭਰਨੇ!

ਹਰ ਨੇਤਾ ਨੂੰ ਇੱਕੋ ਕਸਵੱਟੀ 'ਤੇ ਪਰਖਣਾ ਚੰਗੀ ਗੱਲ ਨਹੀਂ,
ਯੋਗ ਨੇਤਾ ਨੂੰ ਜਿਤਾਉਣ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ।

ਸੁਲਝੇ ਸਿਆਸਤਦਾਨ ਲਈ ਇਕ ਸਲਾਹ ਮੇਰੀ ਜੇ ਹੋਵੇ ਯੋਗ,
ਲੋਕ ਭਲਾਈ ਕੰਮਾਂ ਨੂੰ ਸਮਝੋ ਆਪਣੀ ਬੁੱਧੀ ਦਾ ਕਰੋ ਪ੍ਰਯੋਗ।

ਅੱਜਕਲ੍ਹ ਦੇ ਰਾਜਨੀਤੀਵਾਨ ਬਣ ਚੁੱਕੇ ਚਰਚਾ ਦਾ ਵਿਸ਼ਾ,
ਵੋਟਾਂ ਮੰਗਣ ਲਈ ਡੇਰਿਆਂ 'ਤੇ ਜਾਣਾ ਵੇਖੋ ਰਾਜਨੀਤੀ ਦੀ ਦਿਸ਼ਾ!



# ਖਾਲੀ ਹੱਥ

ਦਿੱਤਾ ਰੱਬ ਦਾ ਬਥੇਰਾ ਖਾਂਵੀਂ ਕਰਕੇ ਤੂੰ ਜੇਰਾ,
ਲਾਲਚ ਨਾ ਕਰੀਂ ਤੈਨੂੰ ਮਸ਼ਵਰਾ ਹੈ ਮੇਰਾ,
ਇਹ ਸਰੀਰ ਵੀ ਤੇਰੇ ਨਾਲ ਨਹੀਂ ਜਾਣਾ।
ਖਾਲੀ ਹੱਥ ਆਇਓਂ ਖਾਲੀ ਤੁਰ ਜਾਣਾ .....

ਜ਼ਿੰਦਗੀ ਮੇਲਾ ਚਾਰ ਦਿਨਾਂ ਦਾ ਸੋਚਾਂ ਵਿਚ ਗੁਜ਼ਾਰੀਂ ਨਾ,
ਨੇਕ ਕਮਾਈ ਵਿਚ ਬਰਕਤ ਹੁੰਦੀ ਭੰਗ ਦੇ ਭਾ ਵਾਰੀਂ ਨਾ,
ਮਨੁੱਖਾ ਜਨਮ ਅਮੋਲਕ ਬਾਰ-ਬਾਰ ਨਹੀਂ ਆਣਾ।
ਖਾਲੀ ਹੱਥ ਆਇਓਂ ਖਾਲੀ ਤੁਰ ਜਾਣਾ .....

ਮਹਿਲ-ਮਾੜੀਆਂ ਏਥੇ ਰਹਿ ਜਾਣੇ ਹੱਥ ਨਹੀਂ ਕੁਝ ਆਉਣਾ,
ਦੋ ਗਜ਼ ਧਰਤੀ ਸਮੇਟ ਲਵੇਗੀ ਵੱਧ ਨਹੀਂ ਹਿੱਸੇ ਆਉਣਾ,
ਲੇਖਾ ਏਥੇ ਹੋ ਜਾਊ ਪੂਰਾ ਮਿਲੇ ਹੋਰ ਨਾ ਕਿਤੇ ਟਿਕਾਣਾ।
ਖਾਲੀ ਹੱਥ ਆਇਓਂ ਖਾਲੀ ਤੁਰ ਜਾਣਾ ......

ਜੱਗ 'ਤੇ ਧੀਆਂ-ਪੁੱਤਾਂ ਦਾ ਮੋਹ ਜ਼ੰਜਾਲ ਲੈ ਕੇ ਬਹਿ ਗਿਆ,
ਚੰਗਾ ਆਪ ਮਾੜੇ ਨੂੰ ਰੱਬ ਦਾ ਭਾਣਾ ਮਨ ਕੇ ਸਹਿ ਗਿਆ,
ਇੱਕੋ ਗੱਲ ਬਾਕੀ, ਮਨ ਨੂੰ ਕਿਵੇਂ ਸਮਝਾਣਾ।
ਖਾਲੀ ਹੱਥ ਆਇਓਂ ਖਾਲੀ ਤੁਰ ਜਾਣਾ .....

ਗਈ ਜਵਾਨੀ ਆਇਆ ਬੁਢਾਪਾ ਵਕਤ ਸਹਾਰਾ ਲੈਣ ਦਾ,
ਧੀਆਂ-ਪੁੱਤਰ ਹੋਏ ਬੇਗਾਨੇ ਫ਼ਰਕ ਨਹੀਂ ਪੈਂਦਾ ਕਹਿਣ ਦਾ,
ਮੱਥੇ ਹੱਥ ਮਾਰ ਕੇ ਕਹਿੰਦਾ ਵਿਗੜ ਗਿਆ ਇਹ ਤਾਣਾ।
ਖਾਲੀ ਹੱਥ ਆਇਓਂ ਖਾਲੀ ਤੁਰ ਜਾਣਾ ......

ਜਿੰਦ ਸਰੀਰ ਨੂੰ ਛੱਡ ਜਾਊ ਰਹਿ ਜਾਊ ਪੁਤਲਾ ਮਿਟੀ ਦਾ,
ਤੇਰਾ ਹਾਲ ਵੀ ਹੋਊ ਉਹੀ ਜਿਉਂ ਬਿਨ ਸਰਨਾਵਾਂ ਕਿਸੇ ਚਿੱਠੀ ਦਾ,
ਕਿਉਂ ਕਲਪਦਾਂ ਕਿਉਂ ਹਰਖਦਾਂ? ਇਹ ਤਾਂ ਪੈਣਾ ਸਭ ਕੁਝ ਸਹਿਣਾ।
ਖਾਲੀ ਹੱਥ ਆਇਓਂ ਖਾਲੀ ਤੁਰ ਜਾਣਾ ......

## ਤੇਰਾ ਸ਼ੁਕਰ ਦਾਤਿਆ

ਤੇਰਾ ਸ਼ੁਕਰ ਦਾਤਿਆ, ਤੇਰਾ ਸ਼ੁਕਰ ਦਾਤਿਆ!
ਸਾਰਾ ਸੰਸਾਰ ਤੇਰਾ ਤੂੰ ਇਸ ਦਾ ਪ੍ਰਿਤਪਾਲਾ,
ਜੀਵ ਨਾ ਸਮਝੇ ਜਦ ਤਕ ਉਛਲੇ ਭਰ ਪਿਆਲਾ,
ਤੇਰੇ ਅੱਗੇ ਨਹੀਂ ਕੋਈ ਉਜ਼ਰ ਦਾਤਿਆ!
ਤੇਰਾ ਸ਼ੁਕਰ ਦਾਤਿਆ ......

ਉਹੀ ਥਾਂ ਚੰਗੀ ਜਿਥੇ ਤੇਰਾ ਹੋਵੇ ਜ਼ਿਕਰ,
ਇਕ ਨਹੀਂ ਦੋ ਨਹੀਂ ਕੁੱਲ ਜਹਾਨ ਦਾ ਫਿਕਰ,
ਵਡਭਾਗੀ ਜੇ ਤੇਰੀ ਮਿਹਰ ਜਾਵੇ ਉਕਰ ਦਾਤਿਆ,
ਤੇਰਾ ਸ਼ੁਕਰ ਦਾਤਿਆ ......

ਸ਼ੁਬ੍ਹਾ ਔਰ ਸ਼ਾਮ ਤੇਰਾ ਹੀ ਲਵਾਂ ਨਾਮ,
ਤੇਰੇ ਨਾਮ ਤੋਂ ਬਿਨਾਂ ਨਹੀਂ ਕੋਈ ਕਾਮ,
ਜ਼ਿੰਦਗੀ ਰਹੀ ਹੈ ਗੁਜ਼ਰ ਦਾਤਿਆ!
ਤੇਰਾ ਸ਼ੁਕਰ ਦਾਤਿਆ .....

ਉਹ ਵੀ ਤੇਰੇ ਬੰਦੇ ਨਾ ਕੋਈ ਪਿੰਡ ਨਾ ਗਰਾਂ,
ਮੀਂਹ ਜਾਂ ਹਨੇਰੀ ਜਾਵੇ ਸਿਰ ਢੱਕਣ ਨੂੰ ਨਹੀਂ ਥਾਂ,
ਗੁਣ ਤੇਰੇ ਗਾਉਣ ਬੈਠ ਕਿਸੇ ਨੁੱਕਰ ਦਾਤਿਆ!
ਤੇਰਾ ਸ਼ੁਕਰ ਦਾਤਿਆ .....

ਰੱਖੇਂ ਸਭ ਦਾ ਖਿਆਲ ਦਿਨ ਹੋਵੇ ਜਾਂ ਰਾਤ,
ਤੇਰੇ ਲਈ ਬਰਾਬਰ ਸਾਰੇ ਨਹੀਂ ਕੋਈ ਜਾਤ-ਪਾਤ,
ਤੇਰੀ ਮਿਹਰ ਸਦਕਾ ਸੰਸਾਰ ਰਿਹਾ ਉਸਰ ਦਾਤਿਆ!
ਤੇਰਾ ਸ਼ੁਕਰ ਦਾਤਿਆ .....

ਦਿਨ ਕੰਮ-ਕਾਜ ਵਿਚ ਰਾਤ ਲੰਘ ਜਾਵੇ ਸੌਂ ਕੇ,
ਜਿਸ 'ਤੇ ਤੇਰੀ ਕਿਰਪਾ ਹੋਵੇ ਉਹ ਨਾ ਵੇਖੇ ਭੌਂ ਕੇ,
ਤੇਰੇ ਨਾਮ ਦਾ ਨਸ਼ਾ ਨਾ ਜਾਵੇ ਉਤਰ ਦਾਤਿਆ!
ਤੇਰਾ ਸ਼ੁਕਰ ਦਾਤਿਆ ......



ਦੌਲਤ ਤੇ ਸ਼ੁਹਰਤ ਤੇਰੀ, ਕੀ ਹੈਸੀਅਤ ਮੇਰੀ?
ਰਜ਼ਾ ਤੇਰੀ ਵਿਚ ਰਹਾਂ ਹੋਰ ਵੱਡੀ ਗੱਲ ਕਿਹੜੀ?
ਤੇਰੇ ਦਰ ਦੀ ਸੱਚਾਈ ਤੋਂ ਨਾ ਜਾਵਾਂ ਮੁੱਕਰ ਦਾਤਿਆ!
ਤੇਰਾ ਸ਼ੁਕਰ ਦਾਤਿਆ ਤੇਰਾ ਸ਼ੁਕਰ ਦਾਤਿਆ!

# ਪੁੱਠੀ ਗਿਣਤੀ

ਪੁੱਠੀ ਗਿਣਤੀ ਸ਼ੁਰੂ ਹੋ ਜਾਵੇ ਰੱਬ ਬਿਨਾਂ ਕੌਣ ਬਚਾਵੇ?
ਕਿਸਮਤ ਆਪੋ ਆਪਣੀ ਕਿਆ ਨੇੜੇ ਕਿਆ ਦੂਰ,
ਬੁਰੀ ਨਜ਼ਰ ਵਾਲੇ ਮੂੰਹ ਕਾਲਾ ਬਾਗੀਂ ਲੱਗੇ ਨਾ ਬੂਰ,
ਉਹਦੀ ਨਿਗ੍ਹਾ ਸਵੱਲੀ ਹੋਵੇ ਮਨੁੱਖ ਸਭ ਕੁਝ ਪਾਵੇ,
ਪੁੱਠੀ ਗਿਣਤੀ ਸ਼ੁਰੂ ਹੋ ਜਾਵੇ ਰੱਬ .........

ਕਿਸਮਤ ਵੱਲ ਦਿਨ ਹੋਵਣ ਸਿੱਧੇ ਭੁੱਜੇ ਉੱਗਣ ਮੋਠ,
ਸ਼ੱਤਰੂ ਬਣ ਜਾਣ ਆਪਣੇ ਬਹਿ ਜਾਣ ਮਾਰ ਕੇ ਗੋਠ,
ਹਾਥ ਦੇਹ ਆਪ ਬਚਾਵੇ ਡੁੱਬਦਾ ਬੇੜਾ ਬੰਨੇ ਲਾਵੇ,
ਪੁੱਠੀ ਗਿਣਤੀ ਸ਼ੁਰੂ ਹੋ ਜਾਵੇ ਰੱਬ ........

ਮੁਰਦਾ ਬੋਲੂ ਖੱਫਣ ਪਾੜੂ ਚਰਚਾ ਦਾ ਵਿਸ਼ਾ ਬਣ ਜਾਊ,
ਸੁੰਞੇ ਹੋ ਜਾਣ ਸਿਵੇ ਨਾ ਕੋਈ ਮੁਰਦਾ ਸਿਵਿਆਂ ਰਾਹ ਆਊ,
ਰੱਬ ਨਾ ਕਰੇ ਇਹ ਚਮਤਕਾਰ ਜੇ ਸੱਚ ਹੋ ਜਾਵੇ,
ਪੁੱਠੀ ਗਿਣਤੀ ਸ਼ੁਰੂ ਹੋ ਜਾਵੇ ਰੱਬ .........

ਮਾਂ ਪੁਤ ਦਾ ਰਿਸ਼ਤਾ ਐਸਾ ਮਾਂ ਝੱਟ ਫਿਕਰਾਂ ਵਿਚ ਪੈ ਜਾਵੇ,
ਜਦੋਂ ਕਿਤੇ ਮਾਂ ਦਾ ਗਭਰੂ ਪੁੱਤ ਸ਼ਾਮ ਨੂੰ ਘਰ ਵਾਪਸ ਨਾ ਆਵੇ,
ਉਡੀਕਾਂ ਕਰਦੀ ਜਾਵੇ ਮਰਦੀ ਮਾਂ ਨੂੰ ਪੁੱਤ ਦੀ ਚਿੰਤਾ ਖਾਵੇ,
ਪੁੱਠੀ ਗਿਣਤੀ ਸ਼ੁਰੂ ਹੋ ਜਾਵੇ ਰੱਬ .........

ਫੈਸਲੇ ਵਧਾ ਦੇਣ ਫਾਸਲੇ ਰਿਸ਼ਤਿਆਂ ਵਿਚ ਦਰਾੜ ਆ ਜਾਵੇ,
ਸਾਈਆਂ ਕਿਤੇ ਵਧਾਈਆਂ ਕਿਤੇ ਆਸ਼ਕਾਂ ਦਾ ਬਾਜ਼ਾਰ ਗਰਮਾਵੇ,
ਐਸਾ ਵਕਤ ਆਵੇ ਸੱਚਾ ਆਸ਼ਕ ਆਪਣੇ ਕੀਤੇ 'ਤੇ ਪਛਤਾਵੇ।
ਪੁੱਠੀ ਗਿਣਤੀ ਸ਼ੁਰੂ ਹੋ ਜਾਵੇ ਰੱਬ .........

ਸ਼ਰਮ ਔਰਤ ਦਾ ਗਹਿਣਾ ਲਾਹ ਲਈ ਲੋਈ ਕੀ ਕਰੇਗਾ ਕੋਈ,
ਆਪਣੀ ਪੱਤ ਆਪਣੇ ਹੱਥ ਦੂਜੇ ਨੂੰ ਦੋਸ਼ ਦੇਣ ਦੀ ਨਾ ਗੱਲ ਕੋਈ,
ਉਹਦੇ ਅੱਗੇ ਕਰੇ ਪ੍ਰਾਰਥਨਾ ਔਖੀ ਘੜੀ ਨਾ ਕਦੀ ਰੱਬ ਵਿਖਾਵੇ।
ਪੁੱਠੀ ਗਿਣਤੀ ਸ਼ੁਰੂ ਹੋ ਜਾਵੇ ਰੱਬ ਬਿਨਾਂ ਕੌਣ ਬਚਾਵੇ?



# ਕੀ ਹੈ ਜ਼ਿੰਦਗੀ

ਜ਼ਿੰਦਗੀ ਦਾ ਸਫ਼ਰ ਹੈ ਸੁਹਾਣਾ,
ਸਮਝੋ ਨਾ ਸਮਝੋ ਫੇਰ ਨਹੀਂ ਆਣਾ।

ਪਲ-ਪਲ ਕਰਕੇ ਇਹ ਗੁਜ਼ਰ ਜਾਏ,
ਖੁੰਝਿਆ ਹੋਇਆ ਮੌਕਾ ਹੱਥ ਨਾ ਆਏ।

ਜੇ ਸੱਚ ਹੈ ਕਿਉਂ ਨਾ ਚਿੱਤ ਨੂੰ ਸਮਝਾਏ,
ਤਾਂ ਜੋ ਇਹ ਜੀਵਨ ਵਿਅਰਥ ਨਾ ਜਾਏ।

ਜ਼ਿੰਦਗੀ ਦੇ ਚਾਰ ਪਲ ਲੇਖੇ ਲਾ ਲਈਏ,
ਉਹਦੇ ਸਵਾਸਾਂ ਦਾ ਫਾਇਦਾ ਉਠਾ ਲਈਏ।

ਇਹ ਸਰੀਰ ਅਤੇ ਸਵਾਸ ਨਹੀਂ ਜਾਣੇ ਨਾਲ,
ਐਹ ਪ੍ਰਾਣੀ! ਆਪਣੇ ਪ੍ਰਾਣਾਂ ਦਾ ਕਰ ਖਿਆਲ।

ਨਾਲ ਨਾ ਆਇਆ, ਨਾ ਜਾਣਾ, ਨਾ ਸਦਾ ਰਹਿਣਾ,
ਸੱਚ ਸਿਆਣਿਆਂ ਦਾ ਵੀ ਇਹੋ ਕੁਝ ਕਹਿਣਾ।

ਚੰਗਾ ਸੋਚੋ ਚੰਗਾ ਲੋਚੋ ਬੁਰਾਈ ਦਾ ਕਰੋ ਤਿਆਗ,
ਸਭ ਨੂੰ ਸਮਝੋ ਆਪਣਾ ਮਨ ਦੀ ਬੁਝਾਓ ਆਗ।

ਜੀਵਨ ਜੁਗਤੀ ਦਾ ਸਾਧਨ ਨਾ ਲਵੀਂ ਗਵਾ,
ਚੌਰਾਸੀ ਦੇ ਚੱਕਰ ਦਾ ਫਾਹ ਨਾ ਲਵੀਂ ਪਵਾ,
ਸੂਖ਼ਮ ਜਿੰਦ ਨੂੰ ਸਮਝਾ, ਕਿਸੇ ਚੰਗੇ ਪਾਸੇ ਲਾ।

# ਪਲ ਪਲ ਕੀਮਤੀ

ਪਾਣੀ ਦੀਆਂ ਬੂੰਦਾਂ ਸਾਗਰ ਵਿਚ ਮਿਲ ਜਾਵਣ,
ਬੂੰਦਾਂ ਦਾ ਸਾਗਰ ਬਣ ਪਾਣੀ ਦੀਆਂ ਛੱਲਾਂ ਆਵਣ।

ਪਲ ਜ਼ਿੰਦਗੀ ਦੇ ਸਾਗਰ ਦਾ ਹਿੱਸਾ ਬੂੰਦਾਂ ਬਣ ਆਵਣ,
ਜ਼ਿੰਦਗੀ ਬਹੁਤ ਸੂਖਮ ਪਲ ਛੱਲਾਂ ਨਾ ਬਣ ਜਾਵਣ।

ਸੂਰਜ ਚਾਂਦ ਔਰ ਤਾਰੇ ਸਾਰੇ ਪਲ ਵੱਲ ਕਰਨ ਇਸ਼ਾਰੇ,
ਸਮਾਂ ਨਾ ਰੁਕੇ ਆਪਣੀ ਗਤੀ ਨਾਲ ਤੁਰਦੇ ਜਾਣ ਸਾਰੇ।

ਸਫ਼ਰ ਨਹੀਂ ਮੁੱਕਣਾ, ਨਾ ਰੋਕੇ ਜਾਣ ਨਾ ਰੁਕਦੇ ਇਕ ਪਲ,
ਜ਼ਿੰਦਗੀ ਦਾ ਸਫ਼ਰ ਇਹਨਾਂ ਦਾ ਰਹਿੰਦਾ ਚੱਲ ਸੋ ਚੱਲ।

ਪ੍ਰਕਿਰਤੀ ਦੀ ਹੋਂਦ ਇਹਨਾਂ ਪਲਾਂ ਦੇ ਚੱਲਦੇ ਰਹਿਣ ਨਾਲ,
ਜੀਵ ਕਿਉਂ ਨਹੀਂ ਕਰਦਾ ਜੀਵਨ ਦੇ ਹਰ ਪਲ ਦਾ ਖਿਆਲ।

ਜਿੰਦ ਅੰਤਮ ਪਲਾਂ 'ਤੇ ਆ ਜਾਵੇ ਜੀਵ ਮੰਗ ਨਾ ਸਕੇ ਪਾਣੀ,
ਸਾਹੇ ਲਿਖੇ ਨਾ ਚਲਨੀ ਫਿਰ ਇਹ ਕਿਉਂ ਨਾ ਸਮਝੇ ਪ੍ਰਾਣੀ।

ਕੋਈ ਘੜੀ ਔਖੀ ਹੋਵੇ ਜਾਂ ਸੌਖੀ ਪਲ-ਪਲ ਦਾ ਲੇਖਾ ਆਏ,
ਜਨਮ ਦਾ ਪਲ ਜੋ ਲਿਖਿਆ ਗਿਆ ਫਿਰ ਅੱਗੇ ਨਾ ਹੋ ਪਾਏ।

ਘੜੀਆਂ ਤਾਂ ਬਹੁਤ ਓਹੀ ਘੜੀ ਸੁਲੱਖਣੀ ਸ਼ਹੁ ਨਾਲ ਵਿਹਾਏ,
ਉਹਦੀ ਨਿਗ੍ਹਾ ਸਵੱਲੀ ਹੋਵੇ ਔਖੀ ਘੜੀ ਨਾ ਵੇਖਣ ਆਏ।



# ਇਕ ਤਰਫਾ ਪਿਆਰ

ਕਿਥੇ ਜਾਵਾਂ ਬਣ ਕੇ ਰਹਿ ਗਈ ਤੇਰਾ ਪਰਛਾਵਾਂ,
ਹੋਰ ਨਾ ਕੋਈ ਰਿਹਾ ਚਾਅ ਨਿੱਤ ਗੁਣ ਤੇਰੇ ਗਾਵਾਂ।

ਮੇਰੇ ਸਿਦਕ ਅਤੇ ਵਿਸ਼ਵਾਸ ਬਾਰੇ ਨਹੀਂ ਕੋਈ ਸਵਾਲ,
ਇੱਕੋ ਹੀ ਖ਼ਾਹਿਸ਼ ਸਾਰੀ ਜ਼ਿੰਦਗੀ ਗੁਜ਼ਾਰਾਂ ਤੇਰੇ ਨਾਲ।

ਨਸੀਬ ਮੇਰੇ ਵਿਚ ਤੂੰ ਹੀ ਤੂੰ ਹੋਰ ਨਾ ਕਿਸੇ ਲਈ ਥਾਂ,
ਦਿਲ ਮੇਰੇ ਵਿਚ ਖਾਲੀ ਥਾਂ ਪੁਰ ਨਹੀਂ ਹੋਣੀ ਤੇਰੇ ਬਿਨਾਂ।

ਦਿਲ ਦੀ ਸਾਂਝ ਬਣਾਵਾਂ ਕਿਵੇਂ ਕਿਹਨੂੰ ਦੱਸਾਂ ਦਿਲ ਦਾ ਹਾਲ,
ਰੁਲ ਗਈ ਜਿੰਦ ਮੇਰੀ ਮੈਂ ਫਸ ਗਈ ਵਿਚ ਤੇਰੇ ਜਾਲ।

ਹਉਕਿਆਂ ਨਾਲ ਕੱਟਣੀ ਇਹ ਜ਼ਿੰਦਗੀ ਆਸਾਨ ਨਹੀਂ,
ਕੀ ਕਮੀ ਮੇਰੇ ਵਿਚ ਮੇਰਾ ਪਿਆਰ ਤੈਨੂੰ ਪ੍ਰਵਾਨ ਨਹੀਂ।

ਤੇਰੀ ਇਹ ਖਾਮੋਸ਼ੀ ਨਹੀਂ ਹੈ ਮੇਰੇ ਸਵਾਲਾਂ ਦਾ ਜਵਾਬ,
ਦੋ ਸਰੀਰ ਇੱਕ ਹੋ ਜਾਈਏ ਲੈਂਦੀ ਰਹੂੰਗੀ ਇਹੋ ਖ਼ਾਬ।

ਹਨੇਰੇ ਅਤੇ ਰੋਸ਼ਨੀ ਵਿਚਕਾਰ ਦੀ ਕੰਧ ਟੁੱਟ ਜਾਵੇ,
ਦੋ ਦਿਲ ਇੱਕ ਹੋ ਜਾਵਣ ਫਿਰ ਕਦੀ ਫ਼ਰਕ ਨਾ ਆਵੇ।

ਸਾਡੇ ਵਿਚਕਾਰ ਨਾ ਆਵੇ ਦੁਨੀਆਂ ਦੀ ਕੋਈ ਚੀਜ਼,
ਸਦਾ ਦੁਨੀਆਂ 'ਤੇ ਵੱਸਣ ਪਿਆਰ ਦੇ ਜੋ ਬੀਜਣ ਬੀਜ।

# ਦਰਦ ਕਹਾਣੀ

ਕੌਣ ਸੁਣੇ ਦਰਦ ਕਹਾਣੀ ਉਹਨਾਂ ਪਰਵਾਰਾਂ ਦੀ,
ਕੀ ਦੇਣ ਪਰਵਾਰਾਂ ਨੂੰ ਆਪਣੀਆਂ ਸਰਕਾਰਾਂ ਦੀ!

ਇਨਸਾਫ਼ ਕੀ ਮਿਲਣਾ ਦਰ-ਦਰ ਦੀਆਂ ਠੋਕਰਾਂ ਖਾਂਦੇ,
ਫਰਿਆਦ ਨਾ ਸੁਣਦਾ ਕੋਈ ਖਾਲੀ ਹੱਥ ਮੁੜ ਆਉਂਦੇ।

ਝੂਠੇ ਕਰ ਮੁਕਾਬਲੇ ਮਾਰੇ ਉੱਚੀਆਂ ਪਦਵੀਆਂ ਪਾਈਆਂ,
ਮਨੁੱਖਤਾ ਦਾ ਘਾਣ ਕਰ ਆਪਣੀਆਂ ਕੁਰਸੀਆਂ ਬਚਾਈਆਂ।

ਵੱਸਦੇ-ਰੱਸਦੇ ਘਰ ਉਜਾੜ ਤੇ ਜਵਾਨ ਪੁੱਤ ਮਾਂਵਾਂ ਦੇ ਮਾਰ 'ਤੇ,
ਅਸੀਂ ਹਾਂ ਹਿੰਦੋਸਤਾਨੀ ਭਾਈ ਭਾਈ ਵਾਲੇ ਵਰਕੇ ਪਾੜ 'ਤੇ।

ਐਸੀ ਹਨੇਰੀ ਜ਼ੁਲਮ ਦੀ ਝੁੱਲੀ ਨਿਰਦੋਸ਼ੇ ਸਿੱਖ ਮਾਰ ਮੁਕਾਏ,
ਘਰਾਂ 'ਚੋਂ ਬਾਹਰ ਘਸੀਟ ਕੇ ਜਲਦੇ ਟਾਇਰ ਗਲਾਂ ਵਿਚ ਪਾਏ।

ਸਰਕਾਰ ਨੇ ਨਿਰਦੋਸ਼ ਸਿੱਖਾਂ ਨੂੰ ਆਪਣਾ ਨਿਸ਼ਾਨਾ ਬਣਾਇਆ,
ਗਿਣੀ-ਮਿਥੀ ਸ਼ਾਜਿਸ਼ ਤਹਿਤ ਸਿੱਖਾਂ ਦਾ ਗੋਲਡਨ ਟੈਂਪਲ ਢਾਇਆ।

ਸ੍ਰੀ ਅਕਾਲ ਤਖ਼ਤ ਟੈਂਕਾਂ ਨਾਲ ਢਹਿ-ਢੇਰੀ ਕਰਨਾ ਅਣਹੋਣੀ ਹੋਈ,
ਰੋਸ ਵਜੋਂ ਫਿਰ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤ ਉੱਠ ਖਲੋਈ।

ਹਜ਼ਾਰਾਂ ਨਿਰਦੋਸ਼ੇ ਸਿੱਖ ਸ਼ਰਧਾਲੂ ਦਰਬਾਰ ਸਾਹਿਬ ਅੰਦਰ ਮਾਰੇ,
ਮੁੱਠੀ ਭਰ ਜੁਝਾਰੂ ਫੜਨ ਲਈ ਸ਼ਰਧਾਲੂ ਮੌਤ ਦੇ ਘਾਟ ਉਤਾਰੇ।

ਜੁਝਾਰੂਆਂ ਨੂੰ ਫੜਨ ਲਈ ਕਈ ਹੋਰ ਸਾਧਨ ਵਰਤੇ ਜਾ ਸਕਦੇ ਸੀ,
ਅਕਾਲੀ ਲੀਡਰ ਚਾਹੁੰਦੇ ਇਹ ਸਭ ਕੁਝ ਹੋਣ ਤੋਂ ਬਚਾ ਸਕਦੇ ਸੀ।

ਮਾੜੀ ਨੀਅਤ ਇਹਨਾਂ ਦੀ ਨਿਸ਼ਾਨਾ ਜੁਝਾਰੂਆਂ ਨੂੰ ਮਰਵਾਉਣ ਦਾ,
ਅਕਾਲ ਤਖ਼ਤ ਢਹਿ ਜਾਵੇ ਜੁਝਾਰੂਆਂ ਦਾ ਸਫ਼ਾਇਆ ਕਰਾਉਣ ਦਾ।



# ਨਸ਼ਾ ਤਿਆਗੋ

ਪੰਜਾਬ ਵਾਸੀਓ ਅਣਿਆਈ ਮੌਤੇ ਮਰਨਾ ਛੱਡੋ,
ਜਾਗੋ ਨਸ਼ੇ ਤਿਆਗੋ ਬਿਮਾਰੀ ਨੂੰ ਘਰ 'ਚੋਂ ਕੱਢੋ।

ਕਸਮ ਖਾਈਏ ਜੀਵਨ ਬਰਬਾਦ ਨਾ ਕਰੀਏ,
ਬੁਰਾਈ ਨੂੰ ਤਿਆਗ ਕੇ ਭਰਿਆ ਸਾਗਰ ਤਰੀਏ।

ਜਵਾਨੀ ਫਿਰ ਨਹੀਂ ਆਉਂਦੀ ਲੱਖ ਕੋਸ਼ਿਸ਼ਾਂ ਕਰੀਏ,
ਨਸ਼ਿਆਂ ਵਿਚ ਡੁੱਬ ਕੇ ਜ਼ਿੰਦਗੀ ਨਾਲ ਕਿਉਂ ਲੜੀਏ?

ਹੌਲੀ-ਹੌਲੀ ਇਹ ਨਸ਼ਾ ਤੁਹਾਨੂੰ ਖਾ ਜਾਊ ਘੁਣ ਵਾਂਗ,
ਇਕ ਦਿਨ ਸੁੱਤੇ ਸੌਂ ਜਾਣਾ ਨਹੀਂ ਰਹਿਣੀ ਕੋਈ ਤਾਂਘ।

ਸਕੂਲਾਂ ਕਾਲਜਾਂ ਖੇਤਾਂ ਵਿਚ ਤੁਹਾਡਾ ਦਿਲ ਨਾ ਲੱਗਦਾ,
ਨੌਕਰੀਆਂ ਦਾ ਕਾਲ ਪੈ ਗਿਆ ਕੰਮ ਕਿਤੇ ਨਹੀਂ ਲੱਭਦਾ।

ਕੀ ਛੋਟਾ ਕੀ ਵੱਡਾ, ਕੀ ਕੁੜੀਆਂ ਕੀ ਮੁੰਡੇ ਨਸ਼ੇ ਨੇ ਪੱਟੇ,
ਨਸ਼ਿਆਂ ਨੇ ਭਰੀ ਜਵਾਨੀ ਗਾਲ 'ਤੀ ਜੋ ਸੀ ਹੱਟੇ ਕੱਟੇ।

ਮਾਪੇ ਨਾ ਦੇਖ ਪਾਵਣ ਕਿਵੇਂ ਇਹਨਾਂ ਨੂੰ ਸਮਝਾਵਣ,
ਕੋਸ਼ਿਸ਼ ਕਰਨ ਬਥੇਰੀ ਬੁਰਾਈ ਤੋਂ ਬਾਹਰ ਲਿਆਵਣ।

ਉਹ ਨਾ ਗੱਲ ਕਿਸੇ ਦੀ ਸਮਝਣ ਟੱਲੀ ਹੋਏ ਫਿਰਦੇ,
ਗਿਣਤੀ ਦੇ ਦਿਨ ਰਹਿ ਜਾਣ ਮੌਤ ਨਾਲ ਫਿਰ ਭਿੜਦੇ।

# ਸ਼ਰਾਬੀ ਦਾ ਤਰਕ

ਸ਼ਰਾਬੀਆਂ ਦੀ ਢਾਣੀ ਵਿਚ ਸ਼ਰਾਬੀ ਹੱਸ ਰਿਹਾ,
ਬਾਕੀਆਂ ਦੀ ਸੁਣਦਾ ਨਾ ਆਪਣੀ ਹੀ ਦੱਸ ਰਿਹਾ।

ਜੋ ਨਹੀਂ ਖਾਂਦੇ ਪੀਂਦੇਂ ਫਿਰ ਉਹਨਾਂ ਦਾ ਕੀ ਜੀਉਣਾ,
ਕੀ ਪਤਾ ਆਪਾਂ ਇਸ ਜਾਮੇ ਵਿਚ ਮੁੜ ਆਉਣਾ।

ਇਹ ਵੀ ਚੰਗਾ ਹੋਇਆ ਖੋਜ ਨੇ ਕਰ ਦਿੱਤਾ ਸਾਬਤ,
ਹੁਣ ਸ਼ਰਾਬੀਆਂ ’ਤੇ ਨਹੀਂ ਕੋਈ ਆਵੇਗੀ ਆਫਤ।

ਖੋਜ ਸੰਸਥਾਵਾਂ ਦੀ ਖੋਜ ਹਮੇਸ਼ਾਂ ਹੁੰਦੀ ਹੈ ਨਿਰਪੱਖ,
ਸ਼ਰਾਬੀਆਂ ਦਾ ਨਹੀਂ ਖੋਹਿਆ ਜਾਣਾ ਚਾਹੀਦਾ ਹੱਕ।

ਹਰ ਔਰਤ ਆਪਣੇ ਪਤੀ ਦੀ ਲੰਮੀ ਉਮਰ ਚਾਹੁੰਦੀ,
ਪੈੱਗ ਲਾਉਂਦਾ ਉਲਟੀਆਂ ਸਿੱਧੀਆਂ ਗੱਲਾਂ ਸੁਣਾਉਂਦੀ।

ਬੰਦ ਬੋਤਲ ਵਿਚ ਔਗੁਣ ਵੀ ਪਰ ਗੁਣਾਂ ਦੀ ਭਰਮਾਰ,
ਇਹੋ ਗੱਲ ਸ਼ਰਾਬੀ ਨਹੀਂ ਹੁੰਦਾ ਕਦੀ ਸ਼ਰਮਸਾਰ।

ਖਾਣ-ਪੀਣ ਵਾਲੀ ਕੋਈ ਵੀ ਚੀਜ਼ ਜੋ ਰੱਬ ਨੇ ਬਣਾਈ,
ਕਿਉਂ ਉਹਨਾਂ ਵਿਚੋਂ ਸ਼ਰਾਬ ਹੀ ਸ਼ਰਾਬੀ ਹਿੱਸੇ ਆਈ?

ਹਰ ਕੋਈ ਸੁਣਦਾ ਸ਼ਰਾਬੀ ਦੁਆਵਾਂ ਦਿੰਦਾ ਸਭ ਨੂੰ,
ਵੱਧ ਤੋਂ ਵੱਧ ਸਾਥੀ ਬਣਾਈਂ ਮੇਰੇ ਕਹਿੰਦਾ ਰੱਬ ਨੂੰ।

ਸ਼ਰਾਬ ਨਾ ਸ਼ਰਾਬੀ ਵਾਸਤੇ ਅਨੁਸ਼ਾਸਨ ਦੀ ਗੱਲ,
ਵਰਤੋਂ ਕਰੀਏ ਸਮਝ ਕੇ ਸਮੱਸਿਆ ਦਾ ਹੋ ਜਾਵੇ ਹੱਲ।



# ਤਰਕਹੀਣ ਸਿਆਸਤ

ਕਈਆਂ ਨੂੰ ਮਾਂਹ ਬਾਈ ਕਈਆਂ ਨੇ ਸਿਹਤ ਬਣਾਈ,
ਰਾਜਨੀਤੀ ਦੀ ਕਾਰਗੁਜ਼ਾਰੀ ਕਿਸੇ ਕਿਸੇ ਨੂੰ ਰਾਸ ਆਈ।

ਸਿਆਸਤਦਾਨਾਂ ਦੀਆਂ ਗੱਲਾਂ ਵਿਚ ਕਦੀ ਨਾ ਆਈਏ,
ਸੁਚਾਰੂ ਨੁਕਤਾਚੀਨੀ ਕਰੋ ਆਪਸ ਵਿਚ ਵੰਡ ਨਾ ਪਾਈਏ।

ਕੀ ਗੱਲ ਕਰਨੀ ਇਹਨਾਂ ਤਰਕਹੀਣ ਸਿਆਸਤਦਾਨਾਂ ਦੀ,
ਆਪੇ ਰਲ-ਮਿਲ ਕੇ ਖੇਡਣ ਵਾਲੇ ਅਖਾੜੇ ਦੇ ਭਲਵਾਨਾਂ ਦੀ।

ਇਹ ਸਿਆਸਤਦਾਨ ਸਾਰੇ ਹੁੰਦੇ ਇੱਕੋ ਘੜੇ ਦੇ ਢੱਕਣ,
ਲੋਕਾਂ ਨੂੰ ਮੂਰਖ ਬਣਾਉਣ ਵਿਚ ਇਕ ਦੂਜੇ ਤੋਂ ਵਿਲੱਖਣ।

ਸਟੇਜਾਂ ਉਤੇ ਘੋਰ ਸ਼ਬਦਾਂ ਨਾਲ ਇਕ ਦੂਜੇ ’ਤੇ ਵਾਰ ਕਰਦੇ,
ਜਦ ਮਾੜਾ ਵਕਤ ਇਹਨਾਂ ’ਤੇ ਆ ਜਾਂਦਾ ਇਕੱਠੇ ਹੋ ਕੇ ਲੜਦੇ।

ਲੋਕ ਨਹੀਂ ਸਮਝਦੇ ਇਹਨਾਂ ਦੀਆਂ ਗੱਲਾਂ ਵਿਚ ਆ ਜਾਂਦੇ,
ਵੋਟਾਂ ਵੇਲੇ ਇਹ ਝੂਠੇ ਸ਼ਬਜ਼ ਬਾਜ਼ ਲੋਕਾਂ ਨੂੰ ਵਿਖਾ ਜਾਂਦੇ।

ਬਹੁਤ ਜ਼ਮਾਨਾ ਬਦਲ ਗਿਆ ਹੁਣ ਵੋਟਰ ਨਹੀਂ ਨਿਆਣੇ,
ਗ਼ਰੀਬ ਅਜੇ ਵੀ ਵਿਕ ਜਾਂਦਾ ਜਿਸ ਦੇ ਚਾਰ-ਪੰਜ ਨਿਆਣੇ।

ਇਹਨਾਂ ਲਈ ਗ਼ਰੀਬ ਨੂੰ ਵਰਗਲਾਉਣਾ ਤੇ ਖਰੀਦਣਾ ਸੌਖਾ,
ਪੜ੍ਹੇ-ਲਿਖੇ ਵਰਗ ਨੂੰ ਝੂਠੇ ਲਾਰਿਆਂ ਵਿਚ ਰੱਖਣਾ ਔਖਾ।

ਗ਼ਰੀਬ ਅਤੇ ਅਮੀਰ ਦਾ ਪਾੜਾ ਇਹਨਾਂ ਲਈ ਅਨੁਕੂਲ,
ਚੋਣ ਜਿੱਤਣ ਦੀ ਗੱਲ ਹੋਵੇ ਇਹਨਾਂ ਦਾ ਨਹੀਂ ਕੋਈ ਅਸੂਲ।

ਜ਼ਰੂਰਤ ਸਮਝਣ ਦੀ ਰਾਜਨੀਤਕ ਢਾਂਚਾ ਬਦਲਾਉਣ ਦੀ,
ਆਪਣੀ ਜ਼ਮੀਰ ਨੂੰ ਮਾਰੋ ਨਾ, ਵੋਟ ਸੋਚ-ਸਮਝ ਕੇ ਪਾਉਣ ਦੀ।

# ਦਿਨ ਕੋਈ ਵੀ ਹੋਵੇ

ਕਿਤੇ ਨਾ ਲਿਖਿਆ ਕਿਹੜਾ ਦਿਨ ਚੰਗਾ ਕਿਹੜਾ ਮਾੜਾ,
ਪੰਡਤਾਂ, ਪਾਖੰਡੀ ਬਾਬਿਆਂ ਦਾ ਪਾਇਆ ਹੋਇਆ ਪੁਆੜਾ।

ਧਰਮ ਗ੍ਰੰਥ ਇਹ ਗੱਲ ਕਹਿੰਦੇ ਹਰੇਕ ਦਿਨ ਹੁੰਦਾ ਚੰਗਾ,
ਭਰਮਾਂ-ਵਹਿਮਾਂ ਦਾ ਇਲਾਜ ਨਹੀਂ ਜੋ ਕਹਿੰਦੇ ਚੰਗਾ ਮੰਦਾ।

ਦਿਨ ਨਹੀਂ ਕੋਈ ਮਾੜਾ ਇਨਸਾਨ ਦੀ ਸੋਚਣੀ ਦੇਵੇ ਬਣਾ,
ਸਾਰੇ ਕਹਿੰਦੇ ਉਹੀ ਦਿਨ ਮਾੜਾ ਜੋ ਬੀਤਿਆਂ ਵਿਚ ਤਣਾ।

ਗੱਲ ਕਰੀਏ ਖਾਣ-ਪੀਣ ਦੀ ਖਾਣਾ-ਪੀਣਾ ਮਨ ਦੀ ਮੌਜ,
ਤੰਦਰੁਸਤੀ ਲਈ ਚੰਗਾ ਖਾਣਾ ਸਾਇੰਸਦਾਨਾਂ ਦੀ ਖੋਜ।

ਨਹੀਂ ਨਿਯਤ ਦਿਨ ਗੁਰਦਵਾਰੇ, ਮੰਦਰ, ਮਸਜਿਦ ਜਾਣ ਦਾ,
ਐਸਾ ਕਿਉਂ ਸੋਚੀਏ ਜਦ ਵੇਲਾ ਪਹਿਨਣ ਜਾਂ ਕੁਝ ਖਾਣ ਦਾ।

ਦਿਨ ਕਿਹੜਾ ਚੰਗਾ ਕਿਹੜਾ ਮਾੜਾ ਇਹ ਹੈ ਭਰਮ-ਭੁਲੇਖਾ,
ਧਰਮਰਾਜ ਦੀ ਕਚਿਹਰੀ ਵਿਚ ਸੱਤੇ ਦਿਨ ਕਰਮਾਂ ਦਾ ਲੇਖਾ।

ਗੁਰਦਵਾਰੇ, ਮੰਦਰ ਮਸਜਿਦ ਲਈ ਐਤਵਾਰ ਦੀ ਕਰਨ ਉਡੀਕ,
ਦਿਨਾਂ ਨੂੰ ਕਿਉਂ ਕੋਸੀਏ ਜਦੋਂ ਨਹੀਂ ਕੋਈ ਚੰਗੀ ਮਾੜੀ ਤਰੀਕ?

ਦਿਨ ਬਦਲ ਕੇ ਆ ਜਾਂਦੇ ਸਮਾਂ ਬੀਤਿਆ ਵਾਪਸ ਨਾ ਆਉਂਦਾ,
ਦਿਨ ਨਹੀਂ, ਬੇੜੀ ਦਾ ਮਲਾਹ ਤੇ ਸਮਾਂ ਚੰਗਾ ਹੋਵੇ ਬੰਨੇ ਲਾਉਂਦਾ।

ਮਾਸਾਹਾਰੀ ਸ਼ਾਕਾਹਾਰੀ, ਦਿਨ ਜਾਂ ਰਾਤ ਅੰਦਰ ਨਾ ਮਾਰੀ ਝਾਤ,
ਹਰ ਦਿਨ ਦੀ ਸ਼ੁਰੂਆਤ ਨਾਲ ਪ੍ਰਭਾਤ ਡੁੱਬ ਜਾਵੇ ਪੈਂਦੀ ਰਾਤ।

ਅੰਦਰ ਖੂਬੀਆਂ ਪੈਦਾ ਕਰੋ ਦਿਨ ਭੁਲਾ ਕੇ ਸਮੇਂ ਵੱਲ ਆਓ,
ਨੇਕ ਨੀਅਤ ਦੀ ਕਮਾਈ ਕਰੋ ਆਪਣਾ ਜੀਵਨ ਸਫਲ ਬਣਾਓ।

ਜ਼ਿੰਦਗੀ ਵਿਚ ਕੁਝ ਹਾਸਲ ਕਰਨਾ ਸਿੱਖੋ ਸਮੇਂ ਦੀ ਕਦਰ ਕਰਨਾ,
ਦਿਨ ਬੀਤ ਗਿਆ ਪਤਾ ਨਹੀਂ ਕੱਲ੍ਹ ਚੜ੍ਹਨਾ ਕਿ ਨਹੀਂ ਚੜ੍ਹਨਾ।



# ਜ਼ਿੰਦਗੀ ਪਲ ਪਲ

ਜ਼ਿੰਦਗੀ ਪਲਾਂ ਦਾ ਇਕ ਸੰਗ੍ਰਹਿ,
ਹਰ ਪਲ ਇਹੀ ਰਿਹਾ ਹੈ ਕਹਿ।

ਪਲ ਪਲ ਜੋੜ ਕੇ ਜੀਵਨ ਚੱਲਦਾ,
ਇਕ ਪਲ ਵਿੱਸਰੇ ਦੂਜਾ ਰਲਦਾ।

ਜ਼ਿੰਦਗੀ ਦਾ ਕੀਮਤੀ ਉਹ ਪਲ,
ਬੀਤਿਆ ਵਾਪਸ ਨਾ ਆਵੇ ਚੱਲ।

ਇਹ ਸੂਖ਼ਮ ਜੀਵਨ ਪਲ ਭਰ ਦਾ,
ਫੋਕੀਆਂ ਸ਼ੁਹਰਤਾਂ ਕਿਉਂ ਕਰਦਾ?

ਇਕ ਇਕ ਪਲ ਗੁਜ਼ਰ ਜਾਊ,
ਪਤਾ ਨਹੀਂ ਕੱਲ੍ਹ ਆਊ ਨਾ ਆਊ।

ਪਲ ਜਾਵੇ ਵਿਸਰ ਤਾਂ ਹੱਥ ਨਾ ਆਵੇ,
ਪਛਤਾਇਆਂ ਕਿਆ ਬਣੇ ਚੇਤਾ ਆਵੇ?

ਜ਼ਿੰਦਗੀ ਦਾ ਹਰ ਕਦਮ ਕੁਝ ਸਿਖਾ ਜਾਵੇ,
ਸਮਝ ਕਦਮ ਪੁੱਟਣ ਤੋਂ ਬਾਅਦ ਆਵੇ।

ਕਦਮ ਅਤੇ ਪਲ ਸਾਥ-ਸਾਥ ਚੱਲਦੇ,
ਕਰਮਾਂ ਦਾ ਸੰਯੋਗ ਹੋਵੇ ਤਾਂ ਦੋਵੇਂ ਰਲਦੇ।

ਹਰ ਪਲ ਹਰ ਕਦਮ ਨੂੰ ਦਿਸ਼ਾ ਦਰਸਾਵੇ,
ਜੀਵਨ ਸਫਲ ਕਦਮ ਸਹੀ ਦਿਸ਼ਾ ਵੱਲ ਜਾਵੇ।

# ਸਿੱਖ ਨੂੰ ਤਾੜਨਾ

ਸਿੱਖੀ ਦੇ ਸੁੰਦਰ ਮਹਿਲ ਨੂੰ ਪਤਿਤਪੁਣੇ ਢਾਹ ਲਾਈ,
ਕੇਸਾਂ ਨੂੰ ਕਹਿ ਬੋਝ ਕੈਂਚੀਆਂ ਨਾਲ ਹਜਾਮਤ ਕਰਵਾਈ।

ਬਾਕੀ ਅੰਗ ਨਹੀਂ ਬੋਝ ਕੇਸਾਂ ਦੀ ਸ਼ਾਮਤ ਕਿਉਂ ਆਈ,
ਲਾਹ ਸੁੰਦਰ ਸੁਹਣੀ ਦਸਤਾਰ ਚੰਦਰੀ ਟੋਪੀ ਪਾਈ।

ਬੀਬੀਆਂ ਬਣਾਉਟੀ ਊਟ-ਪਟਾਂਗ ਸ਼ਿੰਗਾਰ ਕਰਾਈ,
ਉਲਟੇ-ਪੁਲਟੇ ਫੈਸ਼ਨ ਕਰ ਇਹ ਸੂਰਤ ਵਿਗੜਾਈ।

ਸਜਾਉਣੀ ਦਸਤਾਰ ਨੰਗੇ ਸਿਰ ਪੈਰ ਨਾ ਤੁਰਨਾ,
ਸਿੱਖੀ ਮਰਿਆਦਾ ਰੱਖ ਤਾਹੀਉਂ ਗੁਰੂ ਸੰਗ ਜੁੜਨਾ।

ਕੱਸ ਲਉ ਕਮਰਕੱਸੇ ਲਓ ਬਚਾ ਕਿਤੇ ਜਾਵੇ ਰੁੜ੍ਹ ਨਾ,
ਵਕਤ ਆ ਗਿਆ ਕਰ ਲਉ ਹਿੰਮਤ ਜਾਵੇ ਖੁਰ ਨਾ।

ਭੁੱਲ ਕਲਗੀਧਰ ਦੀ ਕੁਰਬਾਨੀ ਪਿੱਠ ਵਿਖਾਈ ਜਾਂਦੇ,
ਦੁਸ਼ਮਣ ਹੋ ਗਏ ਭਾਰੀ ਮਾਰ ਉਹਨਾਂ ਤੋਂ ਖਾਈ ਜਾਂਦੇ।

ਕਿਹੜਾ ਮੈਦਾਨ ਜਿਥੇ ਸਿੱਖ ਨਾ ਪਾਇਆ ਯੋਗਦਾਨ.
ਸਿੱਖਾਂ ਦੀਆਂ ਪ੍ਰਾਪਤੀਆਂ ਕੀਤਾ ਸਾਰੇ ਜੱਗ ਨੂੰ ਹੈਰਾਨ।

ਦੂਸਰੇ ਮੁਲਕ ਸਿੱਖਾਂ ਦੀ ਕਾਬਲੀਅਤ ਨੂੰ ਸਮਝਣ ਲੱਗੇ,
ਉੱਥੇ ਸਿੱਖ ਹੁਣ ਉੱਚੀਆਂ ਪਦਵੀਆਂ 'ਤੇ ਆਉਣ ਅੱਗੇ।

ਪੁਲਾੜ ਦੇ ਸਾਇੰਸਦਾਨਾਂ ਵਿੱਚ ਸਿੱਖਾਂ ਥਾਂ ਆਪਣੀ ਬਣਾਈ,
ਕਿਉਂ ਇਹਨਾਂ ਕਾਫਰਾਂ ਆਖੇ ਲੱਗ ਕੌਮ ਨੂੰ ਠੇਠ ਪੁਚਾਈ?

ਮੰਗਲ ਗ੍ਰਹਿ ਪਹੁੰਚ ਗਿਆ ਸਾਬਤ ਸੂਰਤ ਸਿੱਖ ਸਾਡਾ,
ਇਹਨਾਂ ਸਭ ਪ੍ਰਾਪਤੀਆਂ ਲਈ ਸਾਡਾ ਸਾਹਿਬ ਡਾਢਾ।

ਬਣ ਜਾਓ ਰੋਲ ਮਾਡਲ ਖਾ ਕੇ ਦਸ਼ਮੇਸ਼ ਪਿਤਾ ਦੀ ਕਸਮ,
ਦ੍ਰਿੜ੍ਹ ਹੋ ਕੇ ਆਪਣੇ ਧਰਮ ਦੇ, ਤੋੜੀਏ ਨਾ ਸਿੱਖੀ ਦੀ ਰਸਮ।



# ਕੌਣ ਆਪਣੇ ਕੌਣ ਪਰਾਏ

ਮਾੜੀ ਨੀਅਤ ਗੰਗੂ ਵਾਲਾ ਕਿਰਦਾਰ ਨਿਭਾਉਂਦੇ
ਅੱਤਿਆਚਾਰ ਕਰਦੇ ਤਾਹੀਉਂ ਵਿਲਿਨ ਕਹਾਉਂਦੇ।

ਪਰਵਾਰਾਂ ਨੂੰ ਨਾਂ ਮਾਤਰ ਦੀ ਰਾਸ਼ੀ ਦੇ ਕੇ ਵਰਚਾਉਂਦੇ,
ਮੰਦੀ ਘਟਨਾ ਤੋਂ ਪਹਿਲਾਂ ਨਹੀਂ ਉਚਤ ਕਦਮ ਉਠਾਉਂਦੇ।

ਬੀਬੀਆਂ ਦਾੜ੍ਹੀਆਂ ਨਾਲ ਕਹਿਲਾਉਂਦੇ ਰਖਵਾਲੇ ਧਰਮ ਦੇ,
ਧਰਮੀ ਪਹਿਰਾਵੇ ਵਿੱਚ ਇਹ ਪਾਤਰ ਨੇ ਵੱਡੀ ਸ਼ਰਮ ਦੇ।

ਅੱਜ ਵਾੜ ਖੇਤ ਨੂੰ ਖਾਈ ਜਾਵੇ ਆਪਣੇ ਮਰਵਾਉਣ ਆਪੇ,
ਦੋਸ਼ ਕਿਸੇ ਨੂੰ ਕੀ ਦੇਈਏ ਇਹਨਾਂ ਦੇ ਥਾਂ-ਥਾਂ ਹੋਣ ਸਿਆਪੇ।

ਦੋਸ਼ ਹੈ ਸਾਡਾ ਆਪਣਾ ਆਪਣੇ ਸਮਝ ਕੇ ਵੋਟਾਂ ਪਾਈਆਂ,
ਨਿੱਜੀ ਸੁਆਰਥਾਂ ਲਈ ਕਦਰਾਂ-ਕੀਮਤਾਂ ਦਾਅ 'ਤੇ ਲਾਈਆਂ।

ਕਿਸਾਨ ਖੁਦਕਸ਼ੀਆਂ ਕਰਦੇ, ਮੁਲਾਜ਼ਮ ਟੈਂਕੀਆਂ 'ਤੇ ਚੜ੍ਹਦੇ,
ਸਭ ਲਾਠੀਚਾਰਜ ਅਤੇ ਗੋਲੀਆਂ ਦਾ ਸਾਹਮਣਾ ਕਰਦੇ।

ਸਮੱਸਿਆਵਾਂ ਦਾ ਹੱਲ ਗੰਭੀਰਤਾ ਨਾਲ ਸੋਚਣ ਵਾਲੀ ਗੱਲ,
ਸਮਾਂ ਹੁਣ ਬਦਲਾਅ ਦਾ ਇਸ ਤੋਂ ਬਿਨਾਂ ਨਹੀਂ ਕੋਈ ਹੱਲ।

# ਵਿਸ਼ਵਾਸ

ਹੋਣ ਜੋ ਵਿਸ਼ਵਾਸ ਦੇ ਪੂਰੇ ਪੱਕੇ,
ਉਹ ਨਹੀਂ ਖਾਂਦੇ ਸੱਜੇ ਖੱਬੇ ਧੱਕੇ।

ਆਪਣੀ ਮੰਜ਼ਲ ਵੱਲ ਵਧੀ ਜਾਵਣ,
ਮੁੜ ਕੇ ਨਾ ਫਿਰ ਕਦੀ ਪਿੱਛੇ ਆਵਣ।

ਮੰਜ਼ਲ ਦਾ ਰਸਤਾ ਹੋ ਸਕਦਾ ਔਖਾ,
ਪਰ ਅਸੂਲਾਂ 'ਤੇ ਰਹਿਣਾ ਨਹੀਂ ਸੌਖਾ।

ਅਸੂਲਾਂ 'ਤੇ ਖੜ੍ਹੀ ਜ਼ਿੰਦਗੀ ਮੰਜ਼ਲ ਵੱਲ,
ਮੰਜ਼ਲ 'ਤੇ ਪਹੁੰਚ ਜਾਈਦਾ ਅੱਜ ਜਾਂ ਕੱਲ੍ਹ।

ਧੰਨੇ ਜੱਟ ਵਾਲਾ ਵਿਸ਼ਵਾਸ ਨਹੀਂ ਸਭ ਦਾ,
ਪੱਥਰਾਂ ਵਿਚ ਪਿੱਛਾ ਕੀਤਾ ਉਸ ਰੱਬ ਦਾ।

ਵਿਸ਼ਵਾਸ ਰੱਬ ਪੱਥਰ ਵਿਚੋਂ ਪਾ ਲਿਆ,
ਸਿਦਕ ਵੇਖ ਕੇ ਗਲ ਨਾਲ ਲਾ ਲਿਆ।

ਸੋਚਣ ਦੀ ਗੱਲ ਜ਼ਿੰਦਗੀ ਇਕ ਭੁਲੇਖਾ,
ਫਿਰ ਨਾ ਮਿਲੇ ਇਹ ਕਰਮਾਂ ਦਾ ਲੇਖਾ।



# ਉੱਚੀਆਂ ਮੰਜ਼ਲਾਂ

ਵੇਖ ਕੇ ਇਹ ਪਿੰਡ ਦੀ ਤਸਵੀਰ ਬਚਪਨ ਚੇਤੇ ਆ ਗਿਆ,
ਕੈਸਾ ਜ਼ਮਾਨਾ ਸੋਚ ਕੇ ਅੱਖਾਂ ਅੱਗੇ ਹਨੇਰਾ ਜਿਹਾ ਛਾ ਗਿਆ।

ਕੱਚੇ ਕੋਠੇ ਚੌਂਕੇ ਵਿਹੜੇ ਅਤੇ ਮੰਜੀਆਂ ਸਭ ਅਲੋਪ ਹੋਈ ਜਾਂਦੇ,
ਇਕ-ਮੰਜ਼ਲੇ ਕੋਠੇ ਛੱਡ ਕੇ ਉੱਚੀਆਂ ਮੰਜਲਾਂ ਬਣਾਈ ਜਾਂਦੇ।

ਖੁੱਲ੍ਹੇ ਵਿਹੜਿਆਂ ਦੀ ਆਪਣੀ ਆਬੋ-ਹਵਾ ਘਟਾਈ ਜਾਂਦੇ,
ਮੰਜ਼ਲਾਂ ਨਾਲ ਦਮ ਘੁਟਣ ਵਾਲੇ ਚੌਗਿਰਦੇ ਸਜਾਈ ਜਾਂਦੇ।

ਨਾ ਲੱਭੇ ਮੰਜੀ ਪੀੜ੍ਹੀ, ਚੁੱਲਾ, ਲੋਹ, ਤੰਦੂਰ, ਚਾਟੀ ਅਤੇ ਮਧਾਣੀ,
ਨਾ ਕਣਕ ਦੀ ਵਾਢੀ ਰਹੀ ਨਾ ਸ਼ੱਕਰ ਘਿਉ ਨਾਲ ਰੋਟੀ ਖਾਣੀ।

ਕੱਚੀਆਂ ਕੰਧਾਂ ਬਨੇਰਿਆਂ 'ਤੇ ਖੇਡਣ ਵਾਲੀ ਗੱਲ ਨਹੀਂ ਰਹੀ,
ਕੱਚੀਆਂ ਦੀ ਥਾਂ ਪੱਕੀਆਂ ਲੈ ਲਈ ਲਿੰਬਣ ਦੀ ਗੱਲ ਗਈ।

ਪਿੰਡਾਂ ਸ਼ਹਿਰਾਂ ਵਿਚ ਫ਼ਰਕ ਨਾ ਵੇਖਣ ਨੂੰ ਲੱਗਣ ਇੱਕੋ ਜਿਹੇ,
ਪਿੰਡਾਂ ਵਿਚ ਖੁੱਲ੍ਹੀ ਤਾਜਾ ਹਵਾ ਸ਼ਹਿਰਾਂ ਵਿਚ ਧੂੰਏਂ ਉੱਡਦੇ ਪਏ।

ਵਾਧੂ ਸਹੂਲਤਾਂ ਲਈ ਲੋਕ ਪਿੰਡਾਂ ਨੂੰ ਛੱਡ ਸ਼ਹਿਰਾਂ ਨੂੰ ਜਾਵਣ,
ਪੇਂਡੂ ਸਿਹਤਮੰਦ ਜੀਵਨ ਛੱਡ ਕੇ ਪ੍ਰਦੂਸ਼ਨ ਦੀ ਮਾਰ ਖਾਵਣ,
ਗੱਲ ਸਮਝ ਤੋਂ ਬਾਹਰ ਫਿਰ ਵੀ ਸ਼ਹਿਰ ਉਸਾਰੀ ਜਾਵਣ।

# ਧਰਮ ਅਤੇ ਸਿਆਸਤ

ਚਲਾਉਣ ਸਿਆਸਤ ਧਰਮ ਦੇ ਨਾਂ 'ਤੇ ਵੇਚ ਆਪਣੀ ਜ਼ਮੀਰ,
ਹਰ ਹੱਥ-ਕੰਡਾ ਵਰਤਦੇ ਬਣਾ ਧਰਮ ਆਪਣੀ ਜਗੀਰ।

ਕੌਮ ਦੀ ਤਕਦੀਰ ਜਗਾ ਦੇਵਣ ਇਹ ਬਣ ਧਰਮ ਦੇ ਠੇਕੇਦਾਰ,
ਥਾਂ-ਥਾਂ ਧਰਮ ਦੀ ਬੇਅਦਬੀ ਹੋਵੇ ਉਹਨਾਂ ਦੀ ਹੋਵੇ ਸਰਕਾਰ।

ਸੱਚੀ ਗੱਲ ਕਿਵੇਂ ਸੁੱਤਾ ਰਹੂ ਕਿਸਾਨ ਜਦ ਵਾੜ ਖੇਤ ਨੂੰ ਖਾਵੇ,
ਕੀ ਆਸ ਹੋਰਨਾਂ ਤੋਂ ਆਪਣੀ ਸਰਕਾਰ ਧਰਮ ਨੂੰ ਦਾਅ 'ਤੇ ਲਾਵੇ!

ਸਮੇਂ ਦੀ ਗੱਲ ਅੱਜ ਧਰਮ ਦੇ ਰਖਵਾਲੇ ਹੀ ਧਰਮ ਨੂੰ ਨੋਚਣ ਲੱਗੇ,
ਕੀ ਵਿਸ਼ਵਾਸ ਇਹਨਾਂ ਦਾ ਕਰਨਾ ਲਾਉਣ ਧਰਮ ਨੂੰ ਧੱਬੇ?

ਲੰਮੀਆਂ ਦਾੜ੍ਹੀਆਂ ਬੀਬੇ ਚਿਹਰੇ ਸੱਜਣ ਸੋਹਣੀਆਂ ਦਸਤਾਰਾਂ,
ਧਰਮ ਨੂੰ ਢਾਹ ਲਾਈ ਨਿੱਜੀ ਹਿੱਤਾਂ ਲਈ ਧਰਮ ਦੇ ਪਹਿਰੇਦਾਰਾਂ।

ਫਿਰ ਕੀ ਬਣੂਗਾ ਧਰਮ 'ਚੋਂ ਨਿਕਲਣ ਵਾਲੀ ਸਿਆਸਤ ਦਾ,
ਨਾਹਰਿਆਂ ਨਾਲ ਸੁਆਗਤ ਹੋਵੇ ਇਹਨਾਂ ਦੀ ਲਿਆਕਤ ਦਾ!

ਧਰਮ ਚਲਾਵੇ ਸਿਆਸਤ ਏਥੇ ਸਿਆਸਤ ਧਰਮ ਚਲਾਉਂਦੀ,
ਧਰਮ ਦੇ ਨਾਂ 'ਤੇ ਝੂਠ ਬੋਲ ਕੇ ਇਹ ਵੋਟਾਂ ਫਿਰ ਹਥਿਆਉਂਦੀ।

ਕਰਨੀ ਕਥਨੀ ਵਿਚ ਫ਼ਰਕ ਵਿਖਾ ਲੋਕਾਂ ਨੂੰ ਵਰਗਲਾਉਂਦੀ,
ਧਰਮ ਬਚਾਉ ਦੇ ਨਾਹਰੇ ਹੇਠ ਧਰਮਾਂ ਵਿਚ ਪਾੜਾ ਪਾਉਂਦੀ।



# ਜ਼ਿੰਦਗੀ ਦੇ ਪਲ

ਸਾਹ ਰੁਕ ਜਾਂਦੇ ਜ਼ਿੰਦਗੀ ਦੇ ਪਲ ਮੁਕ ਜਾਂਦੇ,
ਸਾਹਾਂ ਵਿਚ ਸਾਹ ਕਦੀ ਦੁਬਾਰਾ ਨਹੀਂ ਆਂਦੇ।

ਜੀਉਂਦੇ ਹਾਂ ਜਿੰਨਾ ਚਿਰ ਸਾਹ ਰਹਿੰਦੇ ਚੱਲਦੇ,
ਇਹ ਜੀਵਤ ਰਹਿਣ ਦਾ ਸਨੇਹਾ ਘੱਲਦੇ।

ਇਹ ਸਾਹ ਜਿਨ੍ਹਾਂ ਦੇ ਸਹਾਰੇ ਰਹੇ ਪ੍ਰਾਣੀ ਜੀਅ,
ਨਾ ਅਨੁਭਵ ਹੋਣ, ਨਾ ਵੇਖੇ ਜਾਵਣ ਭਰੋਸਾ ਕੀ!

ਇੱਕੋ ਜਿਹੇ ਸਭ ਦੇ ਸਾਹਾਂ ਵਿਚ ਸਾਹ ਨਹੀਂ ਲੱਭਦੇ,
ਜਿੰਦ ਪਲਾਂ 'ਤੇ ਆ ਜਾਂਦੀ ਆਵਾਜ਼ ਪਵੇ ਘਰੋਂ ਰੱਬ ਦੇ।

ਬਿਨ ਸਾਹਾਂ ਦੇ ਮਿੱਟੀ ਦਾ ਪੁਤਲਾ ਇਹ ਸਰੀਰ,
ਜਿੰਨੀ ਮਿਲੀ ਓਨੀ ਭੋਗ ਗਏ ਰਿਸ਼ੀ-ਮੁਨੀ ਫਕੀਰ।

ਮਨੁੱਖ ਦੀ ਜੀਉਂਦੇ-ਜੀਅ ਲਾਲਸਾ ਕਦੀ ਮਰਦੀ ਨਾ,
ਸਿਰ ਖ਼ਾਹਿਸ਼ਾਂ ਦੀ ਪੰਡ ਕਿਸਮਤ ਹਾਮੀ ਭਰਦੀ ਨਾ।

ਕਈਆਂ ਨੂੰ ਲੀਰਾਂ ਨਸੀਬ ਨਹੀਂ ਤਨ ਢੱਕਣ ਨੂੰ,
ਉਹ ਵੀ ਇਨਸਾਨ ਥਾਂ ਨਹੀਂ ਲੱਭਦੀ ਰੱਖਣ ਨੂੰ।

ਨਾ ਸਮਝਣ ਹਾਲਾਤ ਰੋਕ ਨਾ ਸਕਣ ਜਜ਼ਬਾਤਾਂ ਨੂੰ,
ਸਹਿਜੇ ਭੁੱਲ ਜਾਵਣ ਉਸ ਦੀਆਂ ਬਖਸ਼ੀਆਂ ਦਾਤਾਂ ਨੂੰ।

ਪਲ-ਪਲ ਜ਼ਿੰਦਗੀ ਕੋਰਾ ਕਾਗਜ਼ ਬਣ ਕੇ ਰਹਿ ਜਾਵੇ,
ਇਸ ਸੁੰਦਰ ਕਿਤਾਬ ਦੇ ਪੰਨਿਆਂ ਨੂੰ ਜੋ ਪੜ੍ਹ ਨਾ ਪਾਵੇ।

# ਨਾ ਮੈਂ ਕੋਈ ਲਿਖਾਰੀ

ਨਾ ਮੈਂ ਕੋਈ ਲਿਖਾਰੀ ਨਾ ਮੈਂ ਕੋਈ ਬੁਲਾਰਾ,
ਟੁੱਟੇ-ਫੁੱਟੇ ਸ਼ਬਦ ਜੋੜ ਕੇ ਕਰ ਲੈਂਦਾਂ ਗੁਜ਼ਾਰਾ।

ਇਹ ਸ਼ਬਦ ਬਣ ਜਾਣ ਮੇਰੀ ਰੂਹ ਦੀ ਖ਼ੁਰਾਕ,
ਮੈਂ ਨਹੀਂ ਚਾਹੁੰਦਾ ਇਹ ਹੋ ਜਾਵਣ ਕਿਤੇ ਹਲਾਕ।

ਨਵੇਂ ਸ਼ਬਦਾਂ ਨੂੰ ਢੂੰਡਣ ਦੀ ਵਿਚ ਰਹਿੰਦਾ ਤਾਕ,
ਸਫ਼ਰ ਅਧੂਰਾ ਛੱਡ ਕੇ ਨਾ ਮਿਲ ਜਾਣ ਵਿਚ ਖ਼ਾਕ।

ਇਕ ਵਲਵਲਾ ਜੋ ਲਾਵੇ ਦੀ ਤਰਾਂ ਫੁੱਟ ਪੈਂਦਾ,
ਕੋਸ਼ਿਸ਼ ਬਥੇਰੀ ਕਰਦਾਂ ਰੁਕਿਆ ਨਾ ਰਹਿੰਦਾ।

ਕਈ ਵਾਰ ਮੈਂ ਇਹਨਾਂ ਵਿਚ ਏਨਾ ਖੋ ਜਾਂਦਾ,
ਆਪਣੇ ਆਪ ਨੂੰ ਭੁੱਲ ਕੇ ਇਹਨਾਂ ਜੋਗਾ ਹੋ ਜਾਂਦਾ।

ਕੋਸ਼ਿਸ਼ ਕਰਦਾਂ ਇਹਨਾਂ ਨੂੰ ਵਜੂਦ ਵਿਚ ਲਿਆਵਾਂ,
ਫਿਰ ਸਭ ਨੂੰ ਪ੍ਰਭਾਵਸ਼ਾਲੀ ਪਹਿਰਾਵਾ ਪਹਿਨਾਵਾਂ।

ਮੈਂ ਘਿਰ ਜਾਂਦਾ ਵਿਚ ਸਮੁੰਦਰ ਦੀਆਂ ਲਹਿਰਾਂ ਦੇ,
ਲਹਿਰਾਂ ਨੂੰ ਕਰ ਇਕੱਠੀਆਂ ਦੇ ਲੈਂਦਾਂ ਹੇਠ ਪੈਰਾਂ ਦੇ।

ਕੋਸ਼ਿਸ਼ ਕਰਦਾਂ ਜੋੜ ਕੇ ਕੋਈ ਚੰਗਾ ਸ਼ਬਦ ਬਣਾਵਾਂ,
ਮੇਰੀ ਕੋਸ਼ਿਸ਼ ਹੁੰਦੀ ਵਲਵਲੇ ਤੁਹਾਡੇ ਤਕ ਪੁਚਾਵਾਂ।



# ਝੂਠ ਦਾ ਖੱਟਿਆ

ਜਿਥੇ ਵੱਸਦਾ ਹੋਵੇ ਝੂਠ ਘਰ ਨਹੀਂ ਵੱਸਦੇ,
ਉੱਜੜ ਜਾਂਦੇ ਫਿਰ ਘਰ ਵੀ ਵੱਸਦੇ-ਰੱਸਦੇ।

ਸੱਚ ਨੂੰ ਪੁੱਛੇ ਨਾ ਕੋਈ ਜਿਥੇ ਝੂੱਠ ਦਾ ਵਾਸਾ,
ਨਿੱਜੀ ਹਿੱਤਾਂ ਲਈ ਬੋਲਣ ਆਪੋ ਆਪਣੀ ਭਾਸ਼ਾ।

ਝੂਠ ਨੂੰ ਸੱਚ ਬਣਾ ਦੇਵਣ ਨਾ ਸਮਝਣ ਪ੍ਰੀਭਾਸ਼ਾ,
ਇਕ-ਦੂਜੇ ਨੂੰ ਠਿੱਬੀ ਲਾਉਣ ਦੀ ਰਹੇ ਅਭਿਲਾਸ਼ਾ।

ਸੱਚ ਦਾ ਹੋਕਾ ਦੇਣ ਵਾਲੇ ਥਾਂ-ਥਾਂ ਜਾਣ ਦੁਰਕਾਰੇ,
ਗੱਲ ਝੂਠੇ ਦੀ ਸੁਣੀ ਜਾਵੇ ਸਰਕਾਰੇ-ਦਰਬਾਰੇ।

ਜੇ ਕਰ ਅੱਜ ਕੱਲ ਦੇ ਨੇਤਾਵਾਂ ਦੀ ਕਰੀਏ ਗੱਲ,
ਥੱਲੇ ਤੋਂ ਉੱਪਰ ਤਕ ਸਭ ਝੂਠੇ ਨੇਤਾ ਰਹੇ ਨੇ ਫਲ।

ਸੱਚ ਤੋਂ ਮੂੰਹ ਮੋੜ ਕੇ ਝੂਠ ਦਾ ਖੱਟਿਆ ਜੋ ਖਾਵੇ,
ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ ਆ ਜਾਵੇ।

ਜੇਕਰ ਨੀਅਤ ਹੋਵੇ ਸਾਫ਼ ਤਾਂ ਸੱਭ ਕੁਝ ਮਿਲ ਜਾਵੇ,
ਜਿਸ ਦੇ ਮਨ ਵਿਚ ਹੋਵੇ ਖੋਟ ਤਾਂ ਕੁਝ ਹੱਥ ਨਾ ਆਵੇ।

ਸੱਚੇ ਮਾਰਗ ਚੱਲਦਿਆਂ ਮਨ ਸ਼ਾਂਤ, ਨਾ ਆਵੇ ਤੋਟ,
ਦਰ-ਦਰ ਫਿਰਦਾ ਭਟਕਦਾ ਮਨ ਵਿਚ ਹੋਵੇ ਖੋਟ।

ਝੂਠ ਛੁਪਾਇਆ ਛਿਪਦਾ ਨਾ, ਲੱਖ ਕੋਸ਼ਿਸ਼ਾਂ ਕਰੀਏ,
ਸੱਚੇ ਵਿਚ ਸੱਚ ਦਾ ਵਾਸਾ ਸੱਚ ਦਾ ਹੀ ਲੜ ਫੜੀਏ।

# ਜ਼ਮਾਨਾ ਬਦਲ ਗਿਆ

ਡੇਰੇ ਸਾਧਾਂ ਅਤੇ ਬਾਬਿਆਂ ਦੇ ਅੱਜ ਜ਼ੋਰ ਫੜਨ ਲੱਗੇ,
ਭੁੱਲ ਕੇ ਧਰਮ ਗ੍ਰੰਥ ਲੋਕ ਆਪਸ ਵਿਚ ਲੜਨ ਲੱਗੇ।

ਬੋਲ ਪਰਸੋਂ, ਭਲਕੇ, ਅੱਜ, ਕੱਲ੍ਹ ਨਹੀਂ ਅੱਜ ਮਰਨ ਵਾਲੇ,
ਲੋਕ ਜੀਉਂਦੇ ਮੁਹਾਵਰੇ ਅਖੌਤਾਂ ਦੀ ਵਰਤੋਂ ਕਰਨ ਵਾਲੇ।

ਕੋਈ ਨਾ ਕਹਿੰਦਾ ਤ੍ਰਿਕਾਲਾਂ, ਲੌਢਾ, ਮੂੰਹ ਨੇਰ੍ਹਾ ਪ੍ਰਭਾਤ,
ਘਰੜ, ਮੱਖਣ ਅਤੇ ਪੰਜੀਰੀ ਵਰਗੀ ਨਾ ਰਹੀ ਸੁਗਾਤ।

ਪੱਛੋਂ, ਪੁਰੇ ਦੀ ਪੌਣ ਨਾ ਕਣਕ ਫਲਿਆਂ ਨਾਲ ਗਾਹੁਣ,
ਚਰਖਾ, ਪੂਣੀ, ਖੱਡੀ, ਤਾਣੀ ਨਾ ਕਿਸੇ ਨੂੰ ਯਾਦ ਆਉਣ।

ਥੱਬੀ, ਸੱਥਰ, ਪੰਡ ਨਹੀਂ ਰਹੇ ਕਿਸਾਨ ਦੇ ਖੇਤਾਂ ਦੇ ਬੋਲ,
ਛਿੰਝਾਂ ਅਖਾੜਿਆਂ ਵਿਚ ਨਹੀਂ ਹੁਣ ਸੁਣਦੇ ਵੱਜਦੇ ਢੋਲ।

ਨਖੱਥਾ, ਡੈਣ, ਛੜਾ, ਦੁਹਾਜੂ ਨਹੀਂ ਹੁਣ ਕੋਈ ਬੋਲਦਾ,
ਪਸੇਰੀ, ਪਾਈਆ ਅਤੇ ਸੇਰ ਨਾਲ ਨਹੀਂ ਕੋਈ ਤੋਲਦਾ।

ਟੈਰਾਲੀਨ, ਖੱਦਰ ਮੱਲਮਲ ਨਾ ਹੁਣ ਖਰੀਦੇ ਕੋਈ,
ਕੰਬਲ ਨਾ ਲਵੇ ਠੰਢ ਵਿੱਚ ਨਾ ਕੋਈ ਖਰੀਦੇ ਲੋਈ।

ਹੁਣ ਸਵੇਰੇ ਨਹੀਂ ਕੋਈ 'ਟੱਟੀ' ਬਾਹਰ ਖੇਤਾਂ ਵਿਚ ਜਾਂਦਾ,
ਖੂਹ ਨਲਕੇ ਗਏ, ਨਹੀਂ ਕੋਈ ਛੱਪੜ ਸੂਏ ਵਿਚ ਨਹਾਂਦਾ।



# ਮਨੁੱਖੀ ਕਹਿਰ

ਨਾ ਘਰਾਂ ਨੂੰ ਲੱਗਣ ਜਿੰਦਰੇ ਨਾ ਉਹ ਘਰ ਸੁੰਞੇ ਹੋਵਣ,
ਮਾਂਵਾਂ ਦੇ ਨਾ ਪੁੱਤ ਗਵਾਚਣ ਨਾ ਉਹ ਪੁੱਤਾਂ ਨੂੰ ਰੋਵਣ।

ਨਾ ਗਲੀਆਂ ਹੋਵਣ ਸੁੰਞੀਆਂ ਜਿਥੇ ਉਹਨਾਂ ਪੁੱਤ ਖਿਡਾਏ,
ਹਰਿਆ-ਭਰਿਆ ਬਾਗ ਨਾ ਉੱਜੜੇ ਨਾ ਉਹ ਦਿਨ ਚੇਤੇ ਆਏ।

ਨਾ ਉਹ ਰੁੱਤ ਦੁਬਾਰਾ ਆਵੇ ਨਾ ਹਨੇਰੀ ਫਿਰ ਜ਼ੁਲਮ ਦੀ ਝੁੱਲੇ,
ਕੌਡੀਆਂ ਦੇ ਭਾਅ ਪੁੱਤ ਨਾ ਮਰਨ ਨਾ ਉਹਨਾਂ ਦਾ ਖ਼ੂਨ ਡੁੱਲੇ।

ਨਾ ਘਰ ਦੁਬਾਰਾ ਉਜੜਨ ਨਾ ਉਹ ਔਰਤਾਂ ਵਿਧਵਾ ਹੋਵਣ,
ਨਾ ਮਿਟੇ ਸੁਹਾਗ ਉਹਨਾਂ ਦਾ ਨਾ ਘਰ ਦੇ ਚਿਰਾਗ ਨੂੰ ਰੋਵਣ।

ਨਾ ਰੱਬ ਉਹ ਵਕਤ ਲਿਆਵੇ ਨਾ ਅਣਹੋਣੀ ਕੋਈ ਦੁਬਾਰਾ ਹੋਵੇ,
ਬੰਦੇ ਦਾ ਕੀਤਾ ਨਹੀਂ ਭੁੱਲਦਾ ਰੱਬ ਨਾ ਐਸੀ ਢੋਈ ਕੋਈ ਢੋਵੇ।

ਸਮਾਂ ਨਾ ਰੋਕਿਆਂ ਰੋਕਿਆ ਜਾਵੇ ਨਹੀਂ ਭੁੱਲਣਾ ਸਾਲ ਚੌਰਾਸੀ,
ਮਿਲਿਆ ਨਹੀਂ ਇਨਸਾਫ਼ ਚਿਹਰਿਆਂ ਤੋਂ ਨਾ ਗਈ ਉਦਾਸੀ।

ਇਹ ਇਕ ਘਨੌਣੀ ਸਾਜਸ਼ ਰਹਿ ਨਾ ਜਾਵੇ ਕੋਈ ਸਿੱਖ ਜਿਉਂਦਾ,
ਜਿਥੇ ਮਿਲ ਜਾਵੇ ਮਾਰ-ਮਕਾਵੋ ਸਭ ਦੇ ਸਿਰ 'ਤੇ ਭੂਤ ਫਿਰਾਉਂਦਾ।

ਘਰਾਂ 'ਚੋਂ ਖਿੱਚ ਬਾਹਰ ਲਿਆਏ ਫਿਰ ਬਲਦੀ ਅੱਗ ਵਿਚ ਪਾਏ,
ਕਿਸੇ ਦੇ ਸਿਰ 'ਤੇ ਮਾਰੀ ਸੱਟ ਕਿਸੇ ਦੇ ਗੱਲ ਵਿਚ ਟਾਇਰ ਜਲਾਏ।

ਕਹਿਣ ਵਾਲੇ ਹਿੰਦੂ ਸਿੱਖ ਭਾਈ ਭਾਈ ਅੱਜ ਆਪੇ ਬਣ ਗਏ ਕਸਾਈ,
ਦਿੱਲੀ ਸ਼ਹਿਰ ਵਿਚ ਵੇਖ ਸਿੱਖਾਂ ਦੀ ਘੱਟ ਗਿਣਤੀ ਕਰ ਦਿੱਤੀ ਚੜ੍ਹਾਈ।

# ਸ਼ੁਹਰਤ ਦੇ ਭੁੱਖੇ

ਪੈਸੇ ਅਤੇ ਸ਼ੁਹਰਤ ਦੋਵਾਂ ਦਾ ਲਾਲਚ ਹੈ ਸਭ ਨੂੰ,
ਨਹੀਂ ਤਾਂ ਇਸ ਦੁਨੀਆਂ ਵਿਚ ਕੌਣ ਪੂਜਦਾ ਰੱਬ ਨੂੰ?

ਸਿਆਸੀ ਲੀਡਰ ਜਾਂ ਕੋਈ ਅਫ਼ਸਰ ਸ਼ੁਹਰਤ ਦੇ ਭੁੱਖੇ,
ਤਾਕਤ ਵਿਚ ਆ ਜਾਵਣ ਸੁਭਾਅ ਦੇ ਬਣ ਜਾਂਦੇ ਰੁੱਖੇ।

ਪੈਸੇ ਨਾਲ ਖਰੀਦਣ ਵੋਟਾਂ ਕੰਮ ਕੀ ਇਹਨਾਂ ਆਉਣਾ,
ਉਹੀ ਪੈਸੇ ਵਾਪਸ ਲੈਣਗੇ ਕੰਮ ਜੇ ਪਵੇ ਕਰਾਉਣਾ!

ਸਰਕਾਰੀ ਦਫ਼ਤਰ ਜਦ ਇਹਨਾਂ ਨੂੰ ਨਸੀਬ ਹੋ ਜਾਵੇ,
ਕੀਤੇ ਵਾਅਦੇ ਭੁੱਲ ਜਾਂਦੇ ਕੁਝ ਵੀ ਫਿਰ ਯਾਦ ਨਾ ਆਵੇ।

ਵਿਰੋਧੀਆਂ ਦੀ ਚਿੰਤਾ ਸਮਾਜ ਭਲਾਈ ਦੇ ਕੰਮ ਕੀ ਕਰਨੇ,
ਜਨਤਾ ਦੁਖੀ ਜ਼ਰੂਰੀ ਵਸਤਾਂ ਤੋਂ ਮੁਲਾਜ਼ਮ ਥਾਂ-ਥਾਂ ਦਿੰਦੇ ਧਰਨੇ।

ਕਿੱਥੋਂ ਲੱਭਣ ਉਹ ਵੋਟਾਂ ਵੇਲੇ ਜੋ ਸੀ ਸ਼ਬਜ ਬਾਗ਼ ਵਿਖਾਉਂਦੇ,
ਕੀ ਭਰੋਸਾ ਕਰੀਏ ਲੋੜ ਪੈਣ 'ਤੇ ਨਹੀਂ ਕਿਸੇ ਦੇ ਕੰਮ ਆਉਂਦੇ?

ਲਾਲ ਬੱਤੀ ਗੱਡੀ 'ਤੇ ਸਰਕਾਰੀ ਗਾਰਦ ਅੱਗੇ ਪਿੱਛੇ ਫਿਰਦੀ,
ਇਕ-ਦੂਜੇ ਨੂੰ ਦੋਸ਼ ਦੇਣ ਜਦੋਂ ਬਹਿਸ ਵਿਰੋਧੀਆਂ ਨਾਲ ਛਿੜਦੀ,

ਛੱਡ ਉਸਾਰੂ ਨੁਕਤਾਚੀਨੀ ਕੰਮ-ਰੋਕੂ ਮਤੇ ਦੀ ਨੀਤੀ ਅਪਨਾਉਣ,
ਕਾਨੂੰਨ, ਨੀਤੀ ਚੰਗੀ ਮਾੜੀ ਹਮੇਸ਼ਾ ਆਪਣਾ ਵਿਰੋਧ ਵਿਖਾਉਣ।



# ਇਕੱਲੇ ਦੇ ਇਕੱਲੇ

ਸਾਰੀ ਉਮਰ ਕਰ ਕਮਾਈਆਂ ਕੀ ਰਿਹਾ ਦੱਸ ਪੱਲੇ?
ਪੁੱਤ-ਪੜੋਤਿਆਂ ਵਾਲੇ ਹੋ ਗਏ ਫਿਰ ਕੱਲੇ ਦੇ ਕੱਲੇ।

ਨਹੁੰਆਂ ਨਾਲੋਂ ਮਾਸ ਨਹੀਂ ਟੁੱਟਦਾ ਸੌ ਸਾਲ ਜੀਅ ਲਈਏ,
ਆਪਣਿਆਂ ਨੂੰ ਪਰਾਏ ਲੱਗਦੇ ਕੀ ਇਹਨਾਂ ਨੂੰ ਕਹੀਏ?

ਸੁੱਖਾਂ ਸੁੱਖ ਸੁੱਖ ਮੰਗਿਆ ਜਿਹਨਾਂ ਨੂੰ ਉਹੀ ਹੋਏ ਪਰਾਏ,
ਬੁਢਾਪੇ ਵਿਚ ਕੋਈ ਹੱਥ ਨਹੀਂ ਫੜਦਾ ਵਾਧੂ ਚਿੰਤਾ ਖਾਏ।

ਵਾਧੂ ਬੋਝ ਇਹ ਸਮਝਣ ਹੁਣ ਕੰਨੀ ਪਏ ਕਤਰਾਉਂਦੇ,
ਮੰਦਰ ਮਸਜਿਦ ਗੁਰਦਵਾਰੇ ਵਾਧੂ ਲੰਗਰ ਲਾਉਂਦੇ।

ਰਹਿਣ ਰੁਝੇਵੇਂ ਦਿਨ-ਰਾਤ ਬਜ਼ੁਰਗਾਂ ਦੀ ਨਾ ਪੁੱਛਣ ਬਾਤ,
ਫੁਰਸਤ ਨਹੀਂ ਇਹਨਾਂ ਕੋਲ ਹੁੰਦੀ ਦਿਨ ਹੋਵੇ ਜਾਂ ਰਾਤ।

ਰੱਬਾ ਬੁਢਾਪਾ ਕਿਸੇ ਨੂੰ ਦੇਵੀਂ ਨਾ ਪਹਿਲਾਂ ਲਵੀਂ ਬੁਲਾ,
ਐਸਾ ਵਕਤ ਫਿਰ ਵਿਖਾਵੀਂ ਨਾ ਪੁੱਤ-ਪੋਤਰੇ ਦੇਣ ਭੁਲਾ।

ਸਮੇਂ ਦੀ ਦੇਣ ਬੁਢਾਪਾ ਇਹ ਨਾ ਆਵੇ ਫਿਰ ਹੱਸ ਕੇ,
ਜਿਵੇਂ ਮੌਤ ਦਾ ਕੋਈ ਭਰੋਸਾ ਨਹੀਂ ਇਹ ਨਾ ਆਵੇ ਦੱਸ ਕੇ।

ਐਵੇਂ ਮੋਹ ਜੰਜਾਲ ਖਿਲਾਰੀ ਬੈਠੇ ਕੱਲੇ ਆਏ ਕੱਲੇ ਜਾਣਾ,
ਜੇ ਇਹੀ ਗੱਲ ਸੋਚ ਲਈਏ ਫਿਰ ਕਾਹਦਾ ਪਛਤਾਣਾ?

ਮੋਹ ਜੰਜਾਲ ਦੇ ਰਿਸ਼ਤੇ ਰੀਤ ਇਹ ਜੱਗ 'ਤੇ ਚਲੀ ਆਈ,
ਇਸ ਦੁਨੀਆਂ 'ਤੇ ਨਾ ਕੋਈ ਧੀ ਨਾ ਪੁੱਤ ਨਾ ਭੈਣ ਨਾ ਭਾਈ।

# ਦੁਨੀਆਂ ਵਿਸ਼ਾਲ

ਦੁਨੀਆਂ ਵਿਸ਼ਾਲ ਇਕ ਖੁੱਲ੍ਹੀ ਕਿਤਾਬ।
ਇਸ ਨੂੰ ਸਮਝਣਾ ਕੋਈ ਗੱਲ ਨਾ ਸੌਖੀ,
ਇਹ ਵਾਂਗ ਕਿਤਾਬ ਜੋ ਪੜ੍ਹਨੀ ਔਖੀ।

ਕਿਸੇ ਦੇ ਹਿੱਸੇ ਦਿਨ ਕਿਸੇ ਦੇ ਹਿੱਸੇ ਰਾਤ,
ਔਖੀ ਹੋ ਜਾਂਦੀ ਇਕ ਦੂਜੇ ਨਾਲ ਮੁਲਾਕਾਤ।

ਜੀਵਨ ਸੌਖਾ ਬਣਾਉਣ ਨੂੰ ਸੁਖ ਪਾਉਣ ਨੂੰ,
ਮਨੁੱਖ ਉਲਝ ਜਾਂਦਾ ਮੁਸ਼ਕਿਲਾਂ ਵਧਾਉਣ ਨੂੰ।

ਰੱਬ ਨੇ ਇਨਸਾਨ ਬਣਾਇਆ ਹੈਵਾਨ ਨਹੀਂ,
ਬੰਦਾ ਬੰਦੇ ਦਾ ਵੈਰੀ ਬਣ ਜਾਵੇ ਪ੍ਰਵਾਨ ਨਹੀਂ।

ਦੁਨੀਆਂ ਵਿਸ਼ਾਲ ਇਕ ਪਾਸੇ ਪਾਣੀ ਦੂਜੇ ਪਤਾਲ,
ਅੰਬਰ ਤੋਂ ਧਰਤੀ ਤਕ ਮੀਲਾਂ ਦਾ ਫਾਸਲਾ ਕਮਾਲ।

ਦੁਨੀਆਂ ਕਿਸ ਕਾਮ ਜਿਥੇ ਜੀਵਨ ਦਾ ਨਹੀਂ ਨਾਮ,
ਇਕ ਦੂਜੇ ਨੂੰ ਪਿੱਛੇ ਛੱਡਣ ਦੀ ਦੌੜ ਸ਼ੁਬ੍ਹਾ ਸ਼ਾਮ।

ਸੁਧਾਰ ਲਈ ਗੁਰੂਆਂ ਪੀਰਾਂ ਦਾ ਵੱਡਾ ਯੋਗਦਾਨ,
ਫਿਰ ਵੀ ਵਹਿਮਾਂ-ਭਰਮਾਂ ਦਾ ਆਪਣਾ ਸਥਾਨ।

ਧਰਤੀ ’ਤੇ ਚਾਰੇ ਪਾਸੇ ਮਨੁੱਖ ਦਾ ਹੀ ਬੋਲਬਾਲਾ,
ਪਸ਼ੂ ਪੰਛੀਆਂ ਜਾਨਵਰਾਂ ਦਾ ਪਰਮਾਤਮਾ ਰਖਵਾਲਾ।

ਜੀਵ-ਜੰਤੂਆਂ ’ਤੇ ਪਸ਼ੂ-ਪੰਛੀਆਂ ਦਾ ਆਪਣਾ ਸਮਾਜ,
ਮਨੁੱਖ ਆਪਣੀ ਬੁੱਧੀ ਸਦਕਾ ਧਰਤੀ ’ਤੇ ਕਰਦਾ ਰਾਜ।

ਦੁਨੀਆਂ ਵਿਲੱਖਣ ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ,
ਚਾਰੇ ਕੂੰਟਾਂ ਨਾ ਕੋਈ ਅੰਤ, ਅੰਬਰੀਂ ਚੰਦ ਤਾਰੇ ਲੱਭਣ।



# ਦੋਸਤ ਦੀ ਦੋਸਤੀ

ਰੁੱਸਿਆ ਹੋਇਆ ਦੋਸਤ ਗਲੇ ਲੱਗ ਜਾਵੇ,
ਵਿੱਛੜਿਆ ਹੋਇਆ ਸਮਾਂ ਫਿਰ ਯਾਦ ਆਵੇ।

ਗੱਲਾਂ ਕਰੀਏ ਅੱਖਾਂ ’ਚੋਂ ਅੱਥਰੂ ਵਹਿ ਪੈਂਦੇ,
ਭੁੱਲਿਆ ਘਰ ਆ ਜਾਵੇ ਭੁੱਲਿਆ ਨਾ ਕਹਿੰਦੇ।

ਦੋ ਟੁੱਟੇ ਦਿਲ ਮਿਲ ਜਾਵਣ ਤਾਂ ਖਾਸ ਕਹਿੰਦੇ,
ਵਧੀਆਂ ਦੂਰੀਆਂ ਆਈ ਨਾ ਗੱਲ ਰਾਸ ਕਹਿੰਦੇ।

ਕੋਸ਼ਿਸ਼ ਕੀਤੀ ਕੁਝ ਦੋਸਤਾਂ ਨੂੰ ਪਰਖਣ ਦੀ,
ਉਹਨਾਂ ਦੀ ਪੁਰਾਣੀ ਆਦਤ ਜੋ ਸਰਕਣ ਦੀ।

ਉਲਟੀ ਮੇਰੀ ਦੋਸਤੀ ਪਰਖਣ ਲਈ ਆਏ,
ਬੁਰਾ-ਭਲਾ ਕਹਿਣ ’ਤੇ ਵੀ ਪਿੱਛੇ ਨਾ ਹਟ ਪਾਏ।

ਕੁਝ ਐਂਵੇਂ ਛੋਟੀ-ਮੋਟੀ ਗੱਲ ਤੇ ਹਰਖ ਗਏ,
ਜਦ ਬਣੀ ਮੁਸੀਬਤ ਝੱਟਪੱਟ ਸਰਕ ਗਏ।

ਦੋਸਤ ਉਹੀ ਜੋ ਮੁਸੀਬਤ ਵੇਲੇ ਕੰਮ ਆਵੇ,
ਜਾਨ ਵੀ ਵਾਰਨੀ ਪਵੇ ਪਿੱਛਾ ਨਾ ਵਿਖਾਵੇ।

ਕੁਝ ਮੈਨੂੰ ਅਲਵਿਦਾ ਕਹਿਣ ਵਿਚ ਖੁਸ਼ ਹੋਏ,
ਕੁਝ ਹਮੇਸ਼ਾਂ ਲਈ ਮੇਰੇ ਨਾਲ ਆਣ ਖਲੋਏ।

ਹਮੇਸ਼ਾਂ ਦੋਸਤ ਦੀ ਦੋਸਤੀ ਵੱਲ ਜਾਈਏ,
ਛੋਟੀ-ਮੋਟੀ ਗੱਲ ਨੂੰ ਐਂਵੇਂ ਨਾ ਵਧਾਈਏ।

# ਇਕ ਖ਼ਾਹਿਸ਼

ਚਾਹੁੰਦਾਂ ਫਰਿਸ਼ਤਾ ਬਣ ਖੜ੍ਹ ਜਾਵਾਂ ਤੇਰੇ ਰਾਹ ਦਾ,
ਪਲ-ਪਲ ਤੇਰੀ ਰਾਹ ਵੇਖਾਂ ਭਰੋਸਾ ਨਹੀਂ ਸਾਹ ਦਾ।

ਵਾਇਦੇ ਨਿਭਾ ਨਾ ਸਕੀ ਦੱਸ ਕੀ ਮਜਬੂਰੀ ਤੇਰੀ,
ਜਿਥੇ ਵੀ ਹੋਵੇਂ ਤੂੰ ਸੁਖੀ ਵੱਸੇਂ ਬਸ ਇਹੋ ਦਵਾ ਮੇਰੀ।

ਜ਼ਿੰਦਗੀ ਵਿਚ ਹੁੰਦੀਆਂ ਇਨਸਾਨ ਦੀਆਂ ਮਜਬੂਰੀਆਂ,
ਮਜਬੂਰੀਆਂ ਬਣ ਜਾਂਦੀਆਂ ਨੇ ਸਦਾ ਦੀਆਂ ਦੂਰੀਆਂ।

ਆਵੇਂਗੀ ਮੁੜ ਦਿਲਾਸਾ ਦੇ ਲੈਂਦਾ ਆਪ ਨੂੰ ਕਹਿ ਕੇ,
ਜ਼ਿੰਦਗੀ ਜਿਉਣਾ ਸਿਖਾ ਦਿੰਦੀ ਫਿਰ ਵਿਛੋੜਾ ਸਹਿ ਕੇ।

ਮੇਰੇ ਲਈ ਬਣੀ ਬੁਝਾਰਤ ਕਿਉਂ ਇਹ ਦੂਰੀਆਂ ਪਈਆਂ,
ਇਕ-ਦੂਸਰੇ ਨਾਲ ਰਹਿਣ ਦੀਆਂ ਸੀ ਕਸਮਾਂ ਲਈਆਂ।

ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਮੈਂ ਛਿੱਕੇ ਟੰਗਿਆ,
ਸਿਵਾਇ ਤੇਰੇ ਤੋਂ ਰੱਬ ਪਾਸੋਂ ਕੁਝ ਹੋਰ ਨਾ ਮੰਗਿਆ।

ਮੇਰੀ ਇਕ ਖ਼ਾਹਿਸ਼ ਕੋਈ ਸਾਹ ਨਾ ਤੇਰੇ ਤੋਂ ਵੱਖ ਹੋਵੇ,
ਜ਼ਿੰਦਗੀ ਤੇਰੇ ਲੇਖੇ ਲਾ ਦੇਵਾਂ ਏਨਾ ਕੁ ਤੇਰੇ ’ਤੇ ਹੱਕ ਹੋਵੇ।



# ਆਖਰੀ ਸ਼ਾਮ ਦੋਸਤੋਂ ਕੇ ਨਾਮ

ਸਾਲ ਦੀ ਆਖਰੀ ਸ਼ਾਮ ਦੋਸਤੋਂ ਕੇ ਨਾਮ,
ਬੀਤੇ ਸਾਲ ਨੂੰ ਅਲਵਿਦਾ ਕਹਿਣ ਲਈ,
ਆਖਰੀ ਸ਼ਾਮ ਦੋਸਤਾਂ ਸੰਗ ਬਿਤਾਣ ਲਈ।

ਮੇਰੀ ਇਹ ਖ਼ਾਹਿਸ਼ ਅੱਜ ਪੂਰੀ ਹੋ ਜਾਵੇ,
ਜ਼ਿੰਦਗੀ ਦਾ ਇਹ ਪਲ ਦੁਬਾਰਾ ਨਾ ਆਵੇ।

ਅੱਜ ਰਲ ਦੋਸਤਾਂ ਸੰਗ ਬੈਠੀਏ ਇਸ ਸ਼ਾਮ,
ਅਲਵਿਦਾ ਇਸ ਨੂੰ, ਨਵੇਂ ਨੂੰ ਕਰੀਏ ਪ੍ਰਣਾਮ।

ਬੀਤ ਗਿਆ ਕੌੜੀਆਂ-ਮਿੱਠੀਆਂ ਯਾਦਾਂ ਨਾਲ,
ਸਾਂਭ ਕੇ ਕੁਝ ਸਿੱਖੀਏ ਆਉਣ ਵਾਲੇ ਸਾਲ।

ਸਮਾਂ ਨਾ ਕਰੇ ਉਡੀਕ ਕੁਦਰਤ ਦਾ ਅਸੂਲ,
ਬੰਦਾ ਕੁਝ ਵੀ ਕਹੇ ਹੁੰਦਾ ਜੋ ਉਸ ਨੂੰ ਕਬੂਲ।

ਪਰਮਾਤਮਾ ਦਾ ਭੈ ਹੋਵੇ ਨਵਾਂ ਸਾਲ ਕਿਤੇ ਚੜ੍ਹਾਓ,
ਸਤਿਗੁਰ ਅੰਗ-ਸੰਗ ਜੇ ਮਨੋਂ ਨਾ ਕਦੀ ਭੁਲਾਓ।

ਕਰ ਲਈਏ ਪ੍ਰਣ ਜੀਵਨ ਸਫ਼ਲ ਬਣਾਉਣ ਦਾ,
ਰਹਿੰਦੀ ਜ਼ਿੰਦਗੀ ਨੇਕ ਕਮਾਈ ਵੱਲ ਲਾਉਣ ਦਾ।

ਸਾਲ ਦਾ ਆਖਰੀ ਪੜਾਅ ਲੈ ਨਵੇਂ ਸਾਲ ਦਾ ਚੜ੍ਹਾ,
ਖਿੜੇ-ਮੱਥੇ ਪ੍ਰਵਾਨ ਕਰੀਏ ਜੋ ਆਣ ਬਰੂਹੀਂ ਖੜ੍ਹਾ।

# ਕੱਖੋਂ ਲੱਖ ਲੱਖੋਂ ਕੱਖ

ਗ਼ਰੀਬੀ ਨਾ ਆਵੇ ਹੱਸ ਕੇ ਅਮੀਰੀ ਨਾ ਜਾਵੇ ਦੱਸ ਕੇ।
ਨੋਟਾਂ ਨਾਲ ਭਰਿਆ ਬਸਤਾ, ਮਹਿੰਗਾ ਹੋ ਜਾਵੇ ਸਸਤਾ।

ਬੱਸਤੇ ਵਿਚ ਨੋਟ ਕੀ ਹੋਣੇ ਜਿਨ੍ਹਾਂ ਦੀ ਹਾਲਤ ਖਸਤਾ,
ਮੰਜ਼ਲ 'ਤੇ ਪਹੁੰਚ ਜਾਂਦੇ, ਜਿਨ੍ਹਾਂ ਨੂੰ ਰੱਬ ਵਿਖਾਵੇ ਰਸਤਾ।

ਅਮੀਰ ਦੀ ਸਿਫ਼ਤ ਗ਼ਰੀਬ ਦੀ ਨਿੰਦਿਆ ਫ਼ਰਕ ਵੱਡਾ,
ਅਮੀਰ ਜਿੰਨੇ ਮਰਜ਼ੀ, ਗ਼ਰੀਬ ਨਾ ਪੈਦਾ ਕਰੀਂ ਰੱਬਾ।

ਕੀ ਜੀਉਣਾ ਉਹਨਾਂ ਦਾ ਦੋ ਡੰਗ ਦੀ ਨਹੀਂ ਰੋਟੀ ਨਸੀਬ,
ਕੁਝ ਧਨ-ਦੌਲਤ ਨਾਲ ਖੇਡਣ ਕੁਝ ਦੇ ਨਾ ਆਵੇ ਕਰੀਬ।

ਵਾਹ ਦਾਤਾ ਤੇਰੀ ਕੁਦਰਤ ਡਾਢੀ ਆਪਣੇ ਖੇਲ ਰਚਾਉਂਦਾ,
ਕੁਝ ਦਾ ਨਾ ਢਿੱਡ ਭਰੇ ਕੁਝ ਦੇ ਕੋਠੇ ਭਰੀ ਰਖਾਉਂਦਾ।

ਕੌਣ ਜਾਣਦਾ ਤੇਰੀ ਕੁਦਰਤ ਬਾਰੇ ਤੂੰ ਆਪੇ ਜਾਣੀ-ਜਾਣ,
ਕੁਝ ਵੱਸਦੇ ਵਿਚ ਗ਼ਰੀਬੀ ਕੁਝ ਨੂੰ ਵਾਧੂ ਦਿੱਤਾ ਮਾਣ।

ਧਨ-ਦੌਲਤ ਨਾਲ ਨਹੀਂ ਆਉਂਦੇ ਕਦੀ ਮਾਣ ਨਾ ਕਰੀਏ,
ਪਿੱਛਾ ਛੱਡ ਅੱਗੇ ਵੱਲ ਦੇਖੀਏ ਵਾਹਿਗੁਰੂ ਤੋਂ ਡਰੀਏ।

ਜਦੋਂ ਮੁਸੀਬਤ ਬਣ ਜਾਵੇ ਪੈਰ ਸੋਚ ਸਮਝ ਕੇ ਧਰੀਏ,
ਵਕਤ ਗਵਾਚਾ ਹੱਥ ਨਹੀਂ ਆਉਂਦਾ ਸੌ ਕੋਸ਼ਿਸ਼ਾਂ ਕਰੀਏ।

ਧਨ-ਦੌਲਤ ਮੈਲ ਹੱਥਾਂ ਦੀ ਗੱਲ ਲੋਕ ਸਿਆਣੇ ਕਹਿੰਦੇ,
ਸਦਾ ਸੁਖ ਪਾਉਂਦੇ ਜੋ ਪਰਮਾਤਮਾ ਦੀ ਰਜ਼ਾ ਵਿਚ ਰਹਿੰਦੇ।

ਕੱਖੋਂ ਲੱਖ ਲੱਖੋਂ ਕੱਖ ਹੋਣ ਲੱਗਿਆਂ ਨਾ ਲੱਗਦੀ ਦੇਰ,
ਇਸ ਝੂਠੇ ਦੁਨਿਆਵੀ ਧਨ-ਦੌਲਤ ਦਾ ਮਾਣ ਕੀ ਫੇਰ?



ਆਉ ਕੁਝ ਸਿੱਖੀਏ ਪਾਸਟ ਤੋਂ ਲੜ ਸਤਿਗੁਰ ਦਾ ਫੜੀਏ,
ਧਨ-ਦੌਲਤ ਨਾ ਜਾਵੇ ਨਾਲ ਭਾਵੇਂ ਲੱਖ ਕੋਸ਼ਿਸ਼ਾਂ ਕਰੀਏ।

ਮਨੋਂ ਭੁਲਾਈਏ ਤੇ ਫਿਰ ਬਹੁਤ ਵਗਾਰ ਦੁੱਖ ਪਾਈਏ,
ਜੇ ਡਰੀਏ ਸੱਚੇ ਵਾਹਿਗੁਰੂ ਤੋਂ ਉਹੀ ਮਿਲਦਾ ਜੋ ਚਾਹੀਏ।

# ਧੋਖੇਬਾਜ਼ ਯਾਰ

ਸੜਕ 'ਤੇ ਪਈ ਲਾਸ਼ ਬੰਦਾ ਇਕ ਹਜ਼ਾਰ ਹੋਣਾ,
ਗੱਲਾਂ ਹੋਣ ਕਤਲ ਕੀਤਾ ਤੇਜ਼ ਧਾਰ ਨਾਲ ਹੋਣਾ।

ਦੇਖ ਜ਼ਖਮ ਕਹਿੰਦੇ ਕੋਲ ਆ ਕੇ ਕੀਤਾ ਵਾਰ ਹੋਣਾ,
ਕਹਿੰਦੇ ਕਾਤਲ ਦੁਸ਼ਮਣ ਤੋਂ ਵਧ ਕੇ ਯਾਰ ਹੋਣਾ।

ਦੁਸ਼ਮਣ ਤੇ ਯਾਰ ਵਿਚ ਬਹੁਤ ਫ਼ਰਕ ਹੁੰਦਾ,
ਯਾਰ ਦੁਸ਼ਮਣ ਬਣ ਜਾਵੇ ਫਿਰ ਹਰਖ ਹੁੰਦਾ।

ਯਾਰੀ ਤੋੜ ਨਿਭਾਈਏ ਲੱਖ ਮੁਸੀਬਤਾਂ ਆਣ,
ਨਾ ਡਰੀਏ ਕਰਨੀ ਪਵੇ ਵੀ ਜੇ ਜਾਨ ਕੁਰਬਾਨ।

ਦੁਸ਼ਮਣੀ ਪਾਈਏ ਤਾਂ ਦੁਸ਼ਮਣ ਵਾਂਗ ਰਹੀਏ,
ਦੁਸ਼ਮਣੀ ਰੱਖੀਏ ਲੱਖ ਮੁਸੀਬਤਾਂ ਝੱਲ ਲਈਏ।

ਸੱਜਣ ਨੂੰ ਧੋਖਾ ਦੇਈਏ ਵਿਸ਼ਵਾਸਘਾਤ ਕਹਿੰਦੇ,
ਯਾਰੀ ਲਾ ਨਾ ਨਿਭਾਉਣ, ਬੋਲ ਲੋਕਾਂ ਦੇ ਸਹਿੰਦੇ।

ਦੁਸ਼ਮਣ ਨਾਲੋਂ ਯਾਰ ਮਾੜਾ, ਵਿਚਾਲੇ ਛੱਡ ਜਾਵੇ,
ਯਾਰ ਉਹੀ ਹੁੰਦਾ ਜੋ ਔਖੇ ਵੇਲੇ ਵੀ ਕੰਮ ਆਵੇ,
ਧੋਖੇਬਾਜ਼ ਯਾਰ ਹੋ ਕੇ ਯਾਰ ਨਾਲ ਦਗਾ ਕਮਾਵੇ।



# ਦੁੱਖ, ਮੁਸੀਬਤ ਅਤੇ ਮੌਤ

ਦੁੱਖ, ਮੁਸੀਬਤ ਤੇ ਮੌਤ ਨਾ ਕਿਸੇ ਨੂੰ ਦੱਸ ਆਉਂਦੇ,
ਵਕਤ ਆਉਣ 'ਤੇ ਨਹੀਂ ਕਿਸੇ ਦੀ ਉਡੀਕ ਕਰਾਉਂਦੇ।

ਮੌਤ ਨਾ ਵੇਖੇ ਛੋਟਾ-ਵੱਡਾ ਨਾ ਵੇਖੇ ਕੋਈ ਥਾਂ-ਟਿਕਾਣਾ,
ਜੋ ਦੁਨੀਆ 'ਤੇ ਆਇਆ ਇਕ ਦਿਨ ਉਸ ਨੇ ਜਾਣਾ।

ਮੌਤ ਨਾ ਬਖਸ਼ਿਆ ਗੁਰੂਆਂ-ਪੀਰਾਂ ਸਾਨੂੰ ਕਾਹਦਾ ਮਾਣ,
ਖਾਲੀ ਹੱਥ ਆਏ ਖਾਲੀ ਤੁਰ ਜਾਣਾ ਪਿੱਛੇ ਛੱਡ ਜਹਾਨ।

ਰੱਬਾ ਦੁੱਖ ਕਿਸੇ ਨੂੰ ਦੇਵੀਂ ਨਾ ਸੁਖ ਕਿਸੇ ਤੋਂ ਖੋਹਵੀਂ ਨਾ,
ਰੱਬ ਦਾ ਭਾਣਾ ਕਬੂਲ ਕਰ ਅੱਖਾਂ ਭਰ-ਭਰ ਰੋਵੀਂ ਨਾ।

ਮੁਸੀਬਤ 'ਤੇ ਹੌਂਸਲਾ ਛੱਡ ਜਾਵੇ ਇਨਸਾਨ ਕਾਹਦਾ,
ਕੀਤੀ ਨੇਕੀ ਨੂੰ ਭੁਲਾ ਦੇਵੇ ਮਿਹਰਬਾਨ ਕਾਹਦਾ?

ਜ਼ਿੰਦਗੀ ਦਾ ਹਰ ਪਲ ਕੀਮਤੀ ਨਹੀਂ ਭਰੋਸਾ ਸਾਹ ਦਾ,
ਸਾਹ ਵਾਂਗ ਪਾਣੀ ਦਾ ਬੁਲਬੁਲਾ ਇਹਦਾ ਮਾਣ ਕਾਹਦਾ?

ਮੁਸੀਬਤ ਝੱਲ ਲਉ ਨਿਰਾਸਾ ਚਿਹਰ 'ਤੇ ਲਿਆਉ ਨਾ,
ਕਰੋ ਨੇਕ ਕਰਮ ਆਪਣੇ ਕੀਤੇ 'ਤੇ ਕਦੀ ਪਛਤਾਉ ਨਾ।
ਭਰੋਸਾ ਰੱਖੋ ਹਮੇਸ਼ਾਂ ਵਾਹਿਗੁਰੂ 'ਤੇ ਕਦੀ ਘਬਰਾਉ ਨਾ।

## ਕੈਸਾ ਲੋਕਰਾਜ

ਗ਼ਰੀਬ ਸੜਕਾਂ 'ਤੇ ਸਉਂਦੇ ਨੇ,
ਕਾਰਾਂ ਵਿਚ ਕੁੱਤੇ ਫਿਰਾਉਂਦੇ ਨੇ,
ਬੱਚੇ ਮਜ਼ਦੂਰ ਦੇ ਭੁੱਖੇ ਸਉਂਦੇ ਨੇ।

ਜਿਸ ਦੇਸ ਦੇ ਨੇਤਾ ਵੀ ਝੂਠੇ ਨੇ,
ਫਿਰ ਲੋਕਾਂ ਨੂੰ ਲਾਰੇ ਲਾਉਂਦੇ ਨੇ,
ਗੱਲੀਂ ਸਬਜ਼ ਬਾਗ਼ ਵਿਖਾਉਂਦੇ ਨੇ।

ਜਿਥੇ ਰਿਸ਼ਵਤਖੋਰ ਵੀ ਭਾਰੀ,
ਹਰੇਕ ਮਹਿਕਮੇ ਨੂੰ ਲੱਗੀ ਬਿਮਾਰੀ,
ਰਿਸ਼ਵਤਖੋਰ ਲੱਭਦੇ ਵਾਂਗ ਭਿਖਾਰੀ।

ਜਿੱਥੇ ਅਫ਼ਸਰਸ਼ਾਹੀ ਦਾ ਬੋਲਬਾਲਾ,
ਸਰਕਾਰ ਨੇ ਕੱਢਿਆ ਹੋਇਆ ਦਿਵਾਲਾ,
ਦਫ਼ਤਰ ਖਾਲੀ ਪਾ ਦਿੰਦੇ ਟੂਰ ਸੁਖਾਲਾ।

ਬਿਨਾਂ ਪੈਸੇ ਦੇ ਕੋਈ ਕੰਮ ਨਾ ਹੋਵੇ,
ਅਮੀਰ ਲਈ ਕੋਈ ਮੁਸ਼ਕਿਲ ਨਹੀਂ,
ਗ਼ਰੀਬ ਆਪਣੀ ਕਿਸਮਤ ਨੂੰ ਰੋਵੇ।

ਲੁੱਟ, ਬੈਂਕ ਡਕੈਤੀਆਂ ਦੀ ਭਰਮਾਰ,
ਲੋਕਾਂ ਦੇ ਜੋ ਆਵੇ ਸਾਹਮਣੇ ਦਿੰਦੇ ਮਾਰ,
ਜੀਵਨ ਰੱਖਿਆ ਨਾ ਕਰ ਪਾਵੇ ਸਰਕਾਰ।

ਨੇਤਾ ਚੋਣਾਂ ਵਿਚ ਝੂਠੇ ਕਰਦੇ ਵਾਇਦੇ,
ਜਿੱਤਣ ਤੋਂ ਬਾਅਦ ਚੇਤੇ ਰੱਖਦੇ ਆਪਣੇ ਫਾਇਦੇ,
ਝੂਠੇ ਨੇ ਇਹ ਬੇਦਰਦ ਨੇ ਇਹ ਨੇਤਾ ਕਾਹਦੇ?



ਦਿਨ-ਦਿਹਾੜੇ ਔਰਤਾਂ ਦੀ ਪੁੱਤ ਲੁੱਟੀ ਜਾਂਦੀ,
ਸੁਰੱਖਿਆ ਕਿਤੇ ਨਜ਼ਰ ਨਹੀਂ ਆਉਂਦੀ,
ਤਾਕਤਵਰ ਨੂੰ ਪੁਲੀਸ ਵੀ ਹੱਥ ਨਾ ਪਾਉਂਦੀ।

# ਸਿਹਤ-ਨਿਆਮਤ

ਸਿਹਤ ਨਾਲੋਂ ਨੀਂਦ ਪਿਆਰੀ ਕਹਿਣਾ ਸੌਖਾ,
ਸਿਹਤ ਨਾ ਹੋਵੇ ਵੱਲ, ਪਲ ਵੀ ਕੱਟਣਾ ਔਖਾ।

ਵਕਤ ਗਵਾਚਾ ਫਿਰ ਹੱਥ ਨਹੀਂ ਆਉਣਾ,
ਹੋ ਸਕਣਾ ਨਹੀਂ ਕੁਝ ਬਿਨ ਪਛਤਾਉਣਾ।

ਜੀਵਨ ਚਲਦੀ ਦਾ ਨਾਂ ਸਦਾ ਨਹੀਂ ਰਹਿਣਾ,
ਸਿਹਤਮੰਦ ਰੱਖਣ ਲਈ ਕੁਝ ਕਰਨਾ ਪੈਣਾ।

ਤੰਦਰੁਸਤੀ ਲਈ ਮਨ ਦੀ ਗੱਲ ਛੱਡਣੀ ਪਊ,
ਸਿਆਣੇ ਕਹਿੰਦੇ ਫਿਰ ਇਹੋ ਗੱਲ ਚੰਗੀ ਰਊ।

ਆਪਣੀ ਸਿਹਤ ਤੋਂ ਵੱਡੀ ਨਾ ਨਿਆਮਤ ਕੋਈ,
ਪੁੱਛ ਕੇ ਵੇਖੋ ਉਸ ਨੂੰ ਜਿਸ ਨੇ ਇਹ ਫਿਰ ਖੋਈ।

ਕਹਾਵਤ ਹੈ ਧਨ ਗਿਆ ਤਾਂ ਕੁਝ ਨਾ ਗਿਆ,
ਪਰ ਜੇਕਰ ਸਿਹਤ ਗਈ ਤਾਂ ਸਭ ਕੁਝ ਗਿਆ।

ਜ਼ਰਾ ਸੋਚੋ ਜਰਾ ਵਿਚਾਰੋ ਮਨ ’ਤੇ ਕਾਬੂ ਪਾਓ,
ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਜਿਮ ’ਤੇ ਜਾਓ।

ਤੰਦਰੁਸਤ ਜੀਵਨ ਲਈ ਸੰਤੁਲਤ ਭੋਜਨ ਖਾਉ,
ਬੇਇਲਾਜ ਬਿਮਾਰੀਆਂ ਤੋਂ ਛੁਟਕਾਰਾ ਪਾਓ।

ਸਿਹਤਮੰਦ ਜੀਵਨ ਲਈ ਵਰਜਿਸ਼ ਜ਼ਰੂਰੀ,
ਡਾਕਟਰਾਂ ਕੋਲ ਜਾ ਕੇ ਘਾਟ ਨਹੀਂ ਹੋਣੀ ਪੂਰੀ।



# ਪਹੁ ਵੇਲਾ

ਘਰਾਂ ਦੇ ਦਰਵਾਜ਼ੇ ਬੰਦ ਹੋ ਜਾਂਦੇ ਸੂਰਜ ਦੇ ਡੁੱਬਣ ਨਾਲ,
ਹਨੇਰੇ ਦੀ ਬੁਕਲ ਪੈਰ ਪਸਾਰ ਲਵੇ ਲੋਅ ਦੇ ਲੁਕਣ ਨਾਲ।

ਰਾਤ ਹਨੇਰੀ ਬਲਬਾਂ ਦੀ ਰੋਸ਼ਨੀ ਵੇਲਾ ਹੋਇਆ ਸਉਣ ਦਾ,
ਪੰਛੀ ਆਲਣਿਆਂ ਨੂੰ ਪਰਤ ਆਏ ਆਨੰਦ ਲੈ ਪੁਰੇ ਦੀ ਪੌਣ ਦਾ।

ਹੁਣ ਤਾਰਿਆਂ ਦੀ ਲੋਅ ਨਾਲ ਪੂਰਾ ਆਕਾਸ਼ ਜਗਮਗਾ ਰਿਹਾ,
ਚੰਦਰਮਾ ਵੀ ਆਪਣੀ ਰੋਸ਼ਨੀ ਦਾ ਅਨੋਖਾ ਅੱਕਸ਼ ਵਿਖਾ ਰਿਹਾ।

ਰਾਤ ਗਈ ਪਹੁ ਫੁੱਟ ਪਈ ਵੇਲਾ ਹੋਇਆ ਪੰਛੀਆਂ ਦੇ ਗਾਉਣ ਦਾ,
ਸਰਘੀ ਵੇਲਾ ਉਚਿਤ ਕਿਸਾਨ ਲਈ ਖੇਤਾਂ ’ਚ ਹਲ ਚਲਾਉਣ ਦਾ।

ਬੱਦਲਾਂ ਦੀ ਬੁਕਲ ਵਿਚੋਂ ਸੂਰਜ ਦੀਆਂ ਕਿਰਨਾਂ ਦਾ ਕੁਦਰਤੀ ਦ੍ਰਿਸ਼,
ਤ੍ਰੇਲ ਦੇ ਮੋਤੀਆਂ ਦੀ ਲੱਭਦੀ ਪਈ ਹੁਣ ਆਪਣੀ ਹੀ ਸੁੰਦਰ ਦਿਖ।

ਸੂਰਜ ਦਾ ਬੱਦਲਾਂ ਨਾਲ ਲੁਕਣਮੀਟੀ ਖੇਡਣਾ ਲੱਗਦਾ ਅਜੀਬ,
ਦਰਸ਼ਕ ਦੇ ਵੇਖਣ ਵਿਚ ਲੱਗਦੇ ਦੋਵੇਂ ਇਕ ਦੂਜੇ ਦੇ ਕਰੀਬ।

ਤਾਰਿਆਂ ਦਾ ਛਿਪਣਾ ਸੂਰਜ ਦਾ ਦਸਤਕ ਦੇਣਾ ਦਿਨ ਦਾ ਚੜ੍ਹਾਅ,
ਸ਼ੁਰੂ ਹੁੰਦਾ ਰੋਜ਼ ਵਾਲਾ ਸਫ਼ਰ ਜਿਸ ਦਾ ਇਹ ਪਹਿਲਾ ਹੈ ਪੜਾਅ।

ਪਰਬਤਾਂ ਦੇ ਪਿਛੋਕੜ ’ਚੋਂ ਸੂਰਜ ਦੇ ਆਗਮਨ ਨਾਲ ਪਹੁ ਫੁੱਟ ਪੈਂਦੀ,
ਸੁੰਦਰ ਦ੍ਰਿਸ਼ ਪੰਛੀਆਂ ਦੀ ਗੁਣਗੁਣਾਉਂਦੀ ਆਵਾਜ਼ ਵੀ ਇਹ ਕਹਿੰਦੀ।

ਸਰਘੀ ਵੇਲਾ ਸ਼ਾਂਤ ਜਿਹਾ ਵਾਤਾਵਰਣ ਸੂਰਜ ਦੇਵਤੇ ਦਾ ਪਹਿਲਾ ਪੜਾਅ,
ਲੰਮੀਆਂ ਕਤਾਰਾਂ ਲਾਈ ਅਸਮਾਨ ਵਿਚ ਬੱਦਲਾਂ ਦਾ ਕਾਫ਼ਲਾ ਖੜ੍ਹਾ।

ਸਵੇਰ ਦਾ ਪਹੁ ਵੇਲਾ ਕੁਦਰਤੀ ਨਜ਼ਾਰਾ ਭਾਉਂਦਾ ਬਹੁਤ ਹੀ ਪਿਆਰਾ,
ਗੁਰਦਵਾਰਿਆਂ ਮੰਦਰਾਂ ਵਿਚ ਭਜਨ-ਬੰਦਗੀ ਦਾ ਵੱਜ ਰਿਹਾ ਨਗਾਰਾ।

ਪੁਜਾਰੀ ਆਪਣੀਆਂ ਸੁਰਾਂ ਵਿਚ ਸਤਿਗੁਰ ਦੀ ਮਹਿਮਾ ਸੁਣਾ ਰਹੇ,
ਓਧਰ ਮੌਲਵੀ ਵੀ ਮਸਜਿਦ ਵਿਚ ਕੁਰਾਨ ਦਾ ਪਾਠ ਪੜ੍ਹਾ ਰਹੇ।

# ਉਮਰਾਂ ਦਾ ਰੋਗ

ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ,
ਨਵਿਆਂ ਦੇ ਸੰਗ ਲੱਗ ਕੇ ਭੁੱਲ ਗਏ ਯਾਰ ਪੁਰਾਣੇ!

ਦੱਸ ਕੀ ਮਿਲਿਆ ਤੈਨੂੰ ਛੋਟੀ ਜਿਹੀ ਜਿੰਦ ਨੂੰ ਰੁਲਾ ਕੇ,
ਉਮਰਾਂ ਦਾ ਰੋਗ ਲਾ ਗਈ ਦਿਲ ਆਪਣੇ 'ਚੋਂ ਭੁਲਾ ਕੇ।

ਦੇਵਾਂ ਦਿਲ ਨੂੰ ਦਿਲਾਸਾ ਰਹਿੰਦੀ ਆਪੇ ਕਟ ਜਾਊਗੀ,
ਰੱਖ ਸਾਹਮਣੇ ਤਸਵੀਰ ਜਦੋਂ ਤੇਰੀ ਯਾਦ ਆਊਗੀ।

ਕੱਟ ਜਾਏਗੀ ਭੁੱਲਣੇ ਨਹੀਂ ਦਿਨ ਬਿਤਾਏ ਤੇਰੇ ਨਾਲ,
ਸੁਪਨੇ ਦਿਖਾਏ ਆਪੇ ਤੁੜਵਾਏ ਕੀਤਾ ਜੀਉਣਾ ਮਹਾਲ।

ਯਾਦਾਂ ਵਿਚ ਬੀਤ ਜਾਵੇ ਦਿਨ ਸੁਪਨਿਆਂ ਵਿੱਚ ਰਾਤ,
ਰੱਬ ਚਾਹਿਆ ਮਿਲੇਂਗੇ ਜ਼ਰੂਰ ਜਨਮੋਂ-ਜਨਮੋਂ ਦਾ ਸਾਥ।

ਗਏ ਜਹਾਨ ਤੋਂ ਮੁੜ ਦੁਨੀਆਂ 'ਚ ਪੈਰ ਨਹੀਂ ਪਾਵਾਂਗੇ,
ਗਮਾਂ ਵਿਚ ਡੁੱਬੇ ਤੈਨੂੰ ਸੋਹਣੀਏ ਜ਼ਰੂਰ ਚੇਤੇ ਆਵਾਂਗੇ!

ਜਦੋਂ ਤੈਨੂੰ ਪਤਾ ਲੱਗਿਆ ਸਾਡੇ ਦੁਨੀਆਂ ਤੋਂ ਤੁਰ ਜਾਣਦਾ,
ਦੇਰ ਹੋ ਚੁੱਕੀ ਹੋਵੇਗੀ ਨਹੀਂ ਕੋਈ ਫਾਇਦਾ ਪਛਤਾਣ ਦਾ,
ਅਗਲੇ ਜਨਮ ਮਿਲਾਂਗੇ ਇੱਕੋ ਗਮ ਕੱਲੇ-ਕੱਲੇ ਜਾਣ ਦਾ।



# ਹੱਕਾਂ ਦੀ ਲੜਾਈ

ਹੱਕਾਂ ਲਈ ਕੁਝ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹਦੇ,
ਕੁਝ ਕਰਜ਼ੇ ਥੱਲੇ ਦੱਬੇ ਦੁਖੀ ਹੋ ਖੁਦਕੁਸ਼ੀਆਂ ਕਰਦੇ।

ਕੁਝ ਬੇਰੁਜ਼ਗਾਰੀ ਤੋਂ ਤੰਗ ਆ ਪਏ ਹੜਤਾਲਾਂ ਕਰਦੇ,
ਕੁਝ ਦੀ ਨਸ਼ੇ ਨੇ ਮੱਤ ਮਾਰੀ ਨਸ਼ੇ ਬਿਨਾਂ ਨਹੀਂ ਜਰਦੇ।

ਬੇਰੁਜ਼ਗਾਰ ਅਧਿਆਪਕਾਂ ਦੀ ਕਹਾਣੀ ਵੀ ਦਰਦ ਭਰੀ,
ਸਰਕਾਰ ਨਾ ਦੇਵੇ ਨੌਕਰੀਆਂ ਜ਼ਿੱਦ ਆਪਣੀ 'ਤੇ ਖੜੀ।

ਕੁਝ ਸਜ਼ਾ ਭੁਗਤਣ ਬਾਅਦ ਵੀ ਫਿਰ ਜੇਲ੍ਹਾਂ ਵਿਚ ਰੁਲਦੇ,
ਜੇਲ੍ਹਾਂ ਵਿਚ ਕੀਤਾ ਅਣਮਨੁੱਖੀ ਵਿਹਾਰ ਕਦੀ ਨਹੀਂ ਭੁੱਲਦੇ।

ਕਾਨੂੰਨ ਕਹਿੰਦਾ ਸਜ਼ਾ ਪੂਰੀ ਹੋਣ 'ਤੇ ਰਿਹਾ ਕਰਨਾ ਪੈਂਦਾ,
ਸਜਾ ਭੁਗਤਣ ਤੋਂ ਬਾਅਦ ਕੋਈ ਜੇਲ ਵਿਚ ਨਹੀਂ ਰਹਿੰਦਾ।

ਉਹ ਨਜ਼ਰਬੰਦੀ ਜੋ ਆਪਣੇ ਜ਼ੁਲਮ ਦੀ ਸਜ਼ਾ ਭੁਗਤ ਚੁੱਕੇ,
ਰਿਹਾਅ ਨਾ ਕੀਤੇ ਜਾਣ 'ਤੇ ਉਹਨਾਂ ਦੇ ਪਰਵਾਰਾਂ ਦੇ ਸਾਹ ਸੁੱਕੇ।

ਕਾਨੂੰਨ ਕਾਹਦਾ ਜਿਸਦੀ ਸਰਕਾਰ ਨਹੀਂ ਪਾਲਣਾ ਕਰਦੀ,
ਉਹ ਰਾਜ ਕਾਹਦਾ ਜਿੱਥੇ ਸਰਕਾਰ ਆਪਣਿਆਂ ਤੋਂ ਡਰਦੀ।

ਆਪਣਿਆਂ ਨੇ ਵੋਟਾਂ ਪਾਈਆਂ ਸਰਕਾਰ ਹੋਂਦ ਵਿਚ ਆਈ,
ਜਨਤਕ ਹੱਕਾਂ ਦੀ ਗੱਲ ਆਈ ਤਾਂ ਬਣ ਗਈ ਪਰਾਈ।

ਆਪਣਿਆਂ ਨੂੰ ਆਪਣਿਆਂ ਤੋਂ ਜਦ ਮੰਗਣਾ ਪੈਂਦਾ ਹੱਕ,
ਹੱਕ ਤਾਂ ਉਹਨਾਂ ਕੀ ਦੇਣੇ ਉਲਟਾ ਜੇਲ੍ਹਾਂ ਵਿਚ ਦਿੰਦੇ ਡੱਕ।

ਅਫ਼ਸੋਸ ਹੁੰਦਾ ਜਦੋਂ ਆਪਣੇ ਹੀ ਦੁਸ਼ਮਣ ਬਣ ਜਾਵਣ,
ਹੱਕ ਤਾਂ ਇਹਨਾਂ ਕੀ ਦੇਣੇ ਸਗੋਂ ਡਾਂਗਾਂ ਪਏ ਚਲਾਵਣ।

# ਇਕ ਸੱਚਾਈ

ਕਿਰਾਏ 'ਤੇ ਮਿਲਿਆ ਇਹ ਸਰੀਰ ਰੂਪੀ ਮਕਾਨ,
ਮੈਂ ਹੀ ਨਹੀਂ, ਕਿਰਾਏ 'ਤੇ ਰਹਿੰਦਾ ਸਾਰਾ ਜਹਾਨ।

ਸਵਾਸਾਂ ਦੀ ਪੂੰਜੀ ਵੇਚ ਕੇ ਕਿਰਾਇਆ ਚੁਕਾ ਰਹੇ,
ਸਵਾਸ ਅਤੇ ਮਕਾਨ ਉਹਦੇ ਫਰਜ਼ ਨਿਭਾ ਰਹੇ।

ਸਵਾਸਾਂ ਅਤੇ ਨਬਜ਼ ਦੋਵਾਂ ਦਾ ਗਹਿਰਾ ਸੰਬੰਧ,
ਵਾਹਿਗੁਰੂ ਜਾਣਦਾ ਕਦੋਂ ਇਹਨਾਂ ਹੋ ਜਾਣਾ ਬੰਦ।

ਸਵੇਰੇ ਉਠ ਰੋਜ਼ ਸ਼ੁਕਰਾਨਾ ਮੈਂ ਕਰਦਾ ਉਸਦਾ,
ਕੀ ਹੁਕਮਨਾਮਾ ਹੈ ਅੱਜ ਦਾ ਉਸ ਕੋਲੋਂ ਪੁੱਛਦਾ।

ਇਹ ਜ਼ਿੰਦਗੀ ਦਾ ਸਫ਼ਰ ਅੱਗੇ ਵਧਦਾ ਜਾ ਰਿਹਾ,
ਦਿਨ-ਰਾਤ ਉਹਦੀਆਂ ਬਖਸ਼ਿਸ਼ਾਂ ਦੇ ਗੁਣ ਗਾ ਰਿਹਾ।

ਕਿੰਨੀ ਵਿਸ਼ਾਲ ਉਸ ਨੇ ਇਹ ਦੁਨੀਆਂ ਬਣਾਈ,
ਸਮੁੰਦਰ ਵੱਡਾ ਧਰਤੀ ਛੋਟੀ ਕਿਵੇਂ ਇਸ 'ਤੇ ਸਮਾਈ।

ਉਹਦੀਆਂ ਉਹ ਹੀ ਜਾਣੇ ਇਹੀ ਇਕ ਸੱਚਾਈ,
ਹਰ ਜੀਵ ਗੁਜ਼ਾਰਾ ਕਰਦਾ ਜੋ ਉਸ ਦੇ ਹਿੱਸੇ ਆਈ!

ਇਕ ਦਿਨ ਸਭ ਨੂੰ ਖਾਲੀ ਕਰਨਾ ਪੈਣਾ ਇਹ ਮਕਾਨ,
ਇਕ ਜਾਂਦਾ ਇਕ ਆਉਂਦਾ ਉਹਦੇ ਹੁਕਮ ਦਾ ਫੁਰਮਾਨ।



# ਗ਼ਰੀਬ ਦੀ ਸੋਚ

ਗ਼ਰੀਬ ਨੂੰ ਮਿਲੇ ਮਿੱਸੀ ਖਿੜ੍ਹੇ ਮੱਥੇ ਕਬੂਲ ਕਰਦਾ,
ਉਸਦਾ ਸ਼ੁਕਰਾਨਾ ਕਰਦਾ ਨਹੀਂ ਆਹਾਂ ਭਰਦਾ।

ਗ਼ਰੀਬ ਰੱਜਿਆ ਹੋਇਆ ਚੰਗੇ ਵਿਚਾਰਾਂ ਦਾ ਤਰਕ,
ਅਮੀਰੀ ਖਾਣੇ ਤੇ ਗ਼ਰੀਬ ਦੀ ਮਿੱਸੀ ਵਿਚ ਇਹੋ ਫ਼ਰਕ।

ਅਮੀਰ ਦਾ ਪੇਟ ਭਰ ਕੇ ਖਾਣਾ ਪੈਦਾ ਗਰੂਰ ਕਰਦਾ,
ਗ਼ਰੀਬ ਦਾ ਪੇਟ ਭਰ ਖਾਣਾ ਪੈਦਾ ਸਾਰੂਰ ਕਰਦਾ।

ਗ਼ਰੀਬ ਤਾਂ ਹਮੇਸ਼ਾਂ ਪਰਮਾਤਮਾ ਦਾ ਸ਼ੁਕਰ ਕਰਦਾ,
ਅਮੀਰ ਜਿੰਨਾ ਮਰਜ਼ੀ ਮਿਲ ਜਾਵੇ ਉਜ਼ਰ ਕਰਦਾ।

ਗ਼ਰੀਬ ਰੱਬ ਦੀ ਰਜ਼ਾ ਵਿਚ ਰਹਿ ਕੇ ਖ਼ੁਸ਼ ਹੁੰਦਾ,
ਅਮੀਰ ਨੂੰ ਹਮੇਸ਼ਾਂ ਹੋਰ ਅਮੀਰ ਹੋਣ ਦਾ ਭੁੱਸ ਹੁੰਦਾ।

ਅਮੀਰ ਗ਼ਰੀਬ ਦੀ ਗ਼ਰੀਬੀ ਦਾ ਮਖੌਲ ਉਡਾਉਂਦਾ,
ਗ਼ਰੀਬ ਹਮੇਸ਼ਾਂ ਸੱਭ ਦੇ ਭਲੇ ਦਾ ਮਾਹੌਲ ਬਣਾਉਂਦਾ।

ਅਮੀਰ ਰੱਬ ਨੂੰ ਅਖੌਤੀ ਲਫ਼ਜ਼ਾਂ ਨਾਲ ਪੁਕਾਰਦਾ,
ਗ਼ਰੀਬ ਯਥਾਰਥਕ ਸ਼ਬਦਾਂ ਨਾਲ ਸਤਿਕਾਰਦਾ।

ਅਮੀਰ ਆਪਣੀ ਅਮੀਰੀ ਦੇ ਨਸ਼ੇ ਵਿਚ ਗੁੱਟ ਰਹਿੰਦਾ,
ਗ਼ਰੀਬ ਆਪਣੀ ਹੈਸੀਅਤ ਆਪਣੇ ਵਿਚ ਘੁੱਟ ਲੈਂਦਾ।

ਅਮੀਰ ਗ਼ਰੀਬ ਨੂੰ ਸਮਾਜ ਵਿਚ ਰਹੇ ਦੁਰਕਾਰਦਾ,
ਗ਼ਰੀਬ ਵਾਹਿਗੁਰੂ ਦਾ ਸ਼ੁਕਰ' ਕਹਿ ਕੇ ਪੁਕਾਰਦਾ।

ਅਮੀਰ ਆਪਣੀ ਮੱਤ ਅਤੇ ਬੁੱਧੀ ਪਲੀਤ ਕਰ ਲੈਂਦਾ,
ਗ਼ਰੀਬ 'ਰੱਬ ਦਾ ਸ਼ੁਕਰ' ਕਹਿ ਕੇ ਜੀਤ ਕਰ ਲੈਂਦਾ।

# ਨਸ਼ੇ ਦੀਏ ਬੰਦ ਬੋਤਲੇ

ਬੋਤਲਾਂ 'ਚ ਬੰਦ ਕੀਤੀਆਂ ਮੁਸ਼ਕਿਲਾਂ ਮੁਸੀਬਤਾਂ ਤਬਾਹੀਆਂ,
ਲੱਖੋਂ ਕੱਖ ਹੁੰਦਿਆਂ ਨਾ ਦੇਰ ਹੋਈ ਜਿਹਨਾਂ ਦੇ ਘਰੀਂ ਆਈਆਂ,
ਗਲ ਜਿਨ੍ਹਾਂ ਦੇ ਪੈ ਗਈਆਂ ਜਾਇਦਾਦਾਂ ਦਾਅ 'ਤੇ ਲਾਈਆਂ।

ਖਾਲੀ ਬੋਤਲਾਂ ਵਿਚ ਬੰਦ ਹੋ ਗਏ ਕੋਠੀਆਂ ਕਾਰਾਂ ਬੰਗਲੇ,
ਭਰੀਆਂ ਉਹ ਘਰ ਖਾਲੀ ਕਰ 'ਤੇ ਤੁਰੇ ਫਿਰਨ ਹੋਏ ਕਮਲੇ।

ਕਿਸਮਤ ਨਾ ਫਿਰ ਮਾੜੀ ਹੋਵੇ ਲੱਗ ਨਾ ਜਾਵੇ ਇਹ ਰੋਗ,
ਜਿਨ੍ਹਾਂ ਨੂੰ ਇਹ ਲੱਗ ਗਿਆ ਨਰਕ ਦੀ ਰਹੇ ਜ਼ਿੰਦਗੀ ਭੋਗ।

ਮਾੜੀ ਕਿਸਮਤ ਬੋਤਲਾਂ 'ਚ ਬੰਦ ਹੋ ਕੇ ਰਹਿ ਗਈ ਤਕਦੀਰ,
ਗ਼ੈਰਤ ਛੱਡ ਨਹੀਂ ਫਿਰ ਰੁਕਦੇ ਵੇਚਣੋਂ ਆਪਣੀ ਉਹ ਜ਼ਮੀਰ।

ਸਮਝਦੇ ਬੋਤਲਾਂ ਵਿਚ ਉਹਨਾਂ ਵਾਸਤੇ ਬੰਦ ਝੂਟੇ ਸਵੱਰਗ ਦੇ,
ਬੁੱਧੀ ਭ੍ਰਿਸ਼ਟ ਹੋ ਜਾਂਦੀ ਫਿਰ ਵਧਦੇ ਜਾਣ ਵੱਲ ਨਰਕ ਦੇ।

ਦਾਣਾ-ਫੱਕਾ ਘਰ ਨਹੀਂ ਰਹਿੰਦਾ ਘਰਵਾਲੀ ਨੂੰ ਚਿੰਤਾ ਖਾਵੇ,
ਕਲਾ-ਕਲੇਸ਼ ਘਰ ਵਿਚ ਵੱਸੇ ਕੌਣ ਉਹਨਾਂ ਨੂੰ ਸਮਝਾਵੇ ?

ਕਮਲੇ ਹੋਏ ਫਿਰਦੇ ਮੁੜ ਨਾ ਕਦੀ ਆਉਂਦੇ ਆਪਣੇ ਰਾਹ,
ਜ਼ਿੰਦਗੀ-ਮੌਤ ਨਾਲ ਲੜ ਰਹੇ ਰੋਲਦੇ ਫਿਰਦੇ ਆਪਣੇ ਸਾਹ।

ਅੰਗੀਂ-ਸਾਕੀਂ ਇੱਜ਼ਤ ਨਹੀਂ ਰਹੀ ਹਰ ਕੋਈ ਭਾਲੇ ਦੂਰੀਆਂ,
ਉਮਰਾਂ ਦਾ ਰੋਗ ਲਾ ਲਿਆ ਹੁਣ ਕੌਣ ਕਰੇ ਲੋੜਾਂ ਪੂਰੀਆਂ ?

ਸਰਕਾਰਾਂ ਦੀ ਇਸ਼ਤਿਹਾਰਬਾਜ਼ੀ ਹਾਨੀਕਾਰਕ ਸਿਹਤ ਲਈ,
ਜੇ ਸੱਚ ਹੈ ਫਿਰ ਠੇਕਿਆਂ ਅਤੇ ਸਟੋਰਾਂ 'ਤੇ ਕਿਉਂ ਵਿਕ ਰਈ।

ਜੋ ਕਹਿੰਦੇ ਪੀਓ ਅਤੇ ਜੀਓ ਉਹਨਾਂ ਦੀ ਵੱਖਰੀ ਸੋਚ,
ਉਹ ਲੋਕ ਮਨੁੱਖਤਾ ਦੇ ਦੁਸ਼ਮਣ ਸਮਾਜ ਨੂੰ ਰਹੇ ਨੋਚ।



# ਕਾਨੂੰਨ ਨਿਰਮਾਤਾ

ਧੰਨ ਉਹ ਇੰਜੀਨੀਅਰ ਜਿਸ ਨੇ ਇਹ ਨਕਸ਼ਾ ਬਣਾਇਆ,
ਨਾਮ ਰੱਖ ਜ਼ੀਰੋ ਬਿਲਡਿੰਗ ਭਾਰਤ ਦਾ ਇਤਿਹਾਸ ਰਚਾਇਆ।

ਇਮਾਰਤ ਵਿਚ ਕਾਨੂੰਨ ਨਿਰਮਾਤਾ ਕਾਨੂੰਨਾਂ ਦੀ ਸਿਰਜਣਾ ਕਰਨ,
ਕਾਨੂੰਨ ਚੰਗਾ ਹੋਵੇ ਜਾਂ ਮਾੜਾ ਮੱਤ-ਭੇਦਾਂ ਵੇਲੇ ਕਾਂਵਾਂ ਵਾਂਗੂੰ ਲੜਨ।

ਮੁਲਕ ਦੀ ਭਲਾਈ ਛੱਡ ਕੰਮ-ਰੋਕੂ ਮਤਾ ਹੁੰਦਾ ਇਹਨਾਂ ਦਾ ਨਿਸ਼ਾਨਾ,
ਲੋਕਾਂ ਨੇ ਫਤਵਾ ਦੇ ਜਿਤਾਇਆ ਇਹ ਸਮਝਣ ਮੁਲਕ ਬਿਗਾਨਾ।

ਦੇਸ ਦੀ ਧਨ-ਦੌਲਤ ਨੂੰ ਜੋ ਸੰਨ੍ਹ ਲਗਾ ਵਿਦੇਸ਼ਾਂ ਵਿਚ ਜਮ੍ਹਾ ਕਰਾਉਂਦੇ,
ਵੋਟਾਂ ਦਾ ਰਾਜ ਇਹ ਨਹੀਂ ਉਹਨਾਂ ਲਈ ਕੋਈ ਢੁਕਵਾਂ ਕਾਨੂੰਨ ਬਣਾਉਂਦੇ।

ਬਣਾਉਣ ਕਿਵੇਂ ਇਹ ਉਹੀ ਲੋਕ ਵਿਦੇਸ਼ਾਂ ਵਿਚ ਧਨ ਦੇ ਭਾਈਵਾਲ,
ਆਪਣੇ ਆਪਣਿਆਂ ਦੇ ਢਿੱਡ ਭਰੀ ਜਾਂਦੇ ਇਹਨਾਂ ਨੂੰ ਕੀ ਦੇਸ਼ ਦੇ ਨਾਲ!

ਹੁਕਮਰਾਨ ਕਹਿੰਦੇ ਆਜ਼ਾਦੀ ਤੋਂ ਬਾਅਦ ਭਾਰਤ ਤੁਰਿਆ ਤਰੱਕੀ ਦੇ ਰਾਹ,
ਸੱਚ ਇਹ ਪਹਿਲਾਂ ਸੀ ਸੋਨੇ ਦੀ ਚਿੜੀਆ ਹੁਣ ਤੁਰਿਆ ਬਰਬਾਦੀ ਦੇ ਰਾਹ।

ਐਸੀ ਹਾਲਤ ਜਦੋਂ ਵਾੜ ਖੇਤ ਨੂੰ ਖਾਣ ਲੱਗ ਪਵੇ ਕੀ ਬਣੂ ਉਸ ਖੇਤ ਦਾ,
ਇਹ ਹਾਲ ਹੈ ਸੋਨੇ ਦੀ ਚਿੜੀਆ ਕਹਿਲਾਉਣ ਵਾਲੇ ਭਾਰਤ ਦੇਸ ਦਾ।

ਗੁਲਾਮ ਸੀ ਪਹਿਲਾਂ ਅੰਗ੍ਰੇਜ਼ਾਂ ਦੇ ਹੁਣ ਗੁਲਾਮ ਆਪਣੀਆਂ ਸਰਕਾਰਾਂ ਦੇ,
ਅੱਜ ਹੱਕਾਂ ਲਈ ਸਾਨੂੰ ਲੜਨਾ ਪੈਂਦਾ ਹੱਕ ਨਹੀਂ ਮਿਲਦੇ ਹੱਕਦਾਰਾਂ ਦੇ।

ਸਮੁੱਚੇ ਭਾਰਤ ਦੀ ਅਰਥ ਵਿਵਸਥਾ ਵਿਚ ਵੱਢੀਖੋਰੀ ਦਾ ਬੋਲਬਾਲਾ,
ਕੀ ਬਣੂੰਗਾ ਇਸ ਮੁਲਕ ਦਾ ਹੁਣ ਤਾਂ ਉੱਪਰ ਵਾਲਾ ਹੀ ਰਖਵਾਲਾ।

ਜ਼ੀਰੋ ਬਿਲਡਿੰਗ ਵਿਚ ਬਣੀਆਂ ਨੀਤੀਆਂ ਆਲੋਚਨਾ ਵਿਚ ਘਿਰ ਜਾਂਦੀਆਂ,
ਮੁਲਕ ਦੀ ਤਰੱਕੀ ਨੂੰ ਉਹਲੇ ਕਰਕੇ ਨਿੱਜੀ ਹਿੱਤਾਂ ਨਾਲ ਭਿੜ ਜਾਂਦੀਆਂ।

ਜ਼ੀਰੋ ਬਿਲਡਿੰਗ ਵਿਚ ਬਣੀਆਂ ਨੀਤੀਆਂ ਨੇ ਕਰ ਦਿੱਤਾ ਮੁਲਕ ਨੂੰ ਜ਼ੀਰੋ,
'ਮੇਰਾ ਭਾਰਤ ਮਹਾਨ' ਇਹਨਾਂ ਹੁਕਮਰਾਨਾਂ ਦਾ ਹੈ ਨਾਹਰਾ ਮੇਰੇ ਵੀਰੋ !

ਨਿੱਜੀ ਸੁਆਰਥਾਂ ਤੋਂ ਉੱਪਰ ਉੱਠੀਏ ਜੇ ਮੁਲਕ ਨੂੰ ਮਹਾਨ ਬਣਾਉਣਾ,
ਭਾਰਤ ਸੋਨੇ ਦੀ ਚਿੜੀਆ ਲੋੜ ਸੋਚਣ ਦੀ ਕਿਵੇਂ ਸੋਨਾ ਉਗਾਉਣਾ।



## ਗੁਨਾਹ ਕਿ ਪੁੰਨ?

ਚਿੰਤਾ ਨਾ ਕਰੀਏ ਕੀ ਭਰੋਸਾ ਸਾਹਾਂ ਦਾ,
ਪੈਂਡਾ ਲੰਮਾ ਜ਼ਿੰਦਗੀ ਦੇ ਬਿਖੜੇ ਰਾਹਾਂ ਦਾ।

ਨਿੱਜੀ ਸਵਾਰਥ ਲਈ ਅਸੀਂ ਕਰਦੇ ਗੁਨਾਹ,
ਫਿਰ ਵੀ ਅਸੀਂ ਮੰਗਦੇ ਉਸ ਕੋਲੋਂ ਪਨਾਹ।

ਜੀਵਨ ਮਿਲਦਾ ਜਦੋਂ ਪੁੰਨ ਤੇ ਪਾਪ ਰਲਦੇ,
ਫਿਰ ਇਕੱਲੇ ਗੁਨਾਹਾਂ ਦੀ ਗੱਲ ਕਿਉਂ ਕਰਦੇ ?

ਗੁਨਾਹਾਂ ਦੇ ਨਾਲ ਪੁੰਨਾਂ ਦੀ ਲਿਸਟ ਵੀ ਜ਼ਰੂਰ,
ਜ਼ਿੰਦਗੀ ਤੋਂ ਸਿੱਖੋ ਨਾ ਉਹਨੂੰ ਕਰੋ ਮਜਬੂਰ।

ਆਉ ਲੰਮੀ ਕਰੀਏ ਆਪਣੇ ਪੁੰਨਾਂ ਦੀ ਲਿਸਟ,
ਨਾ ਕਰੀਏ ਇਹ ਵਡਮੁੱਲਾ ਜੀਵਨ ਭ੍ਰਿਸ਼ਟ।

ਤੇਰੀ ਰੱਖ ਬਾਬਾ ਨਾਨਕ ਹਰ ਕੋਈ ਕਹਿੰਦਾ,
ਜਦੋਂ ਦੁੱਖ-ਮੁਸੀਬਤ ਆਣ ਬਰੂਹੀਂ ਬਹਿੰਦਾ।

ਐਸਾ ਮਨੁੱਖ ਨੂੰ ਕਿਉਂ ਫਿਰ ਕਹਿਣਾ ਪੈਂਦਾ,
ਬਾਬਾ ਨਾਨਕ ਇਕੱਲੇ-ਇਕੱਲੇ ਦੀ ਸਾਰ ਲੈਂਦਾ !

ਸਭ ਲਿਖਿਆ ਵਿਚ ਗ੍ਰੰਥਾਂ ਮਨੁੱਖ ਪੜ੍ਹਦਾ,
ਗੁਨਾਹਾਂ ਨੂੰ ਪਲੋਸਦਾ ਅਮਲ ਨਹੀਂ ਕਰਦਾ।

## ਲਾਲਚ

ਐ ਇਨਸਾਨ ਆਪਣੇ ਗਮਾਂ ਦੀ ਨੁਮਾਇਸ਼ ਨਾ ਕਰ,
ਕੱਲ੍ਹ ਦਾ ਪਤਾ ਨਹੀਂ ਨਸੀਬਾਂ ਦੀ ਅਜ਼ਮਾਇਸ਼ ਨਾ ਕਰ,
ਤੇਰਾ ਤੇਰਾ ਹੈ ਮਿਹਨਤ ਦਾ ਕਦੀ ਪਸਚਾਤਾਪ ਨਾ ਕਰ।

ਜੋ ਚਾਹੁੰਦਾਂ ਹਰ ਰੋਜ਼ ਉਸ ਕੋ ਪਾਨੇ ਕੀ ਖ਼ਾਹਿਸ਼ ਨਾ ਕਰ,
ਤਕਦੀਰ ਆਪੋ-ਆਪਣੀ ਵਾਹਿਗੁਰੂ ਤੇ ਵਿਸ਼ਵਾਸ ਕਰ।

ਸਿਦਕ ਹੋਵੇ ਤਾਂ ਉਹੀ ਡੁੱਬਦਾ ਬੇੜਾ ਪਾਰ ਲੰਘਾਉਂਦਾ,
ਸੱਚ ਹੈ ਰੱਬ ਹਮੇਸ਼ਾਂ ਮੁਸ਼ਕਿਲ ਵੇਲੇ ਹੀ ਯਾਦ ਆਉਂਦਾ,
ਆਪੇ ਆਪ ਕਰਾਵੇ ਯਾਦ ਡੁੱਬਦਾ ਬੇੜਾ ਬੰਨੇ ਲਾਉਂਦਾ।

ਨਾਲ ਸਵਾਸਾਂ ਰਹਿੰਦਿਆਂ ਮੇਰੇ ਕੋਲ ਨਹੀਂ ਵਿਹਲ,
ਜੀਉਂਦੇ-ਜੀਅ ਜੋ ਕੁਝ ਵੇਖਿਆ ਵਾਂਗ ਮਦਾਰੀ ਖੇਲ।

ਐ ਇਨਸਾਨ ਆਪਣੀ ਔਕਾਤ ਦਾ ਗਰੂਰ ਨਾ ਕਰ,
ਦੇਨੇ ਵਾਲੇ ਦੀ ਤਰ੍ਹਾਂ ਲੇਨੇ ਵਾਲਾ ਡਾਢਾ ਮਜਬੂਰ ਨਾ ਕਰ।

ਦੂਸਰਿਆਂ ਦਾ ਹੱਕ ਹਥਿਆਉਣ ਦੀ ਲਾਲਸ ਨਾ ਕਰ,
ਆਪਣੀ ਕਮਾਈ ਵਿਚ ਭਰੋਸਾ ਰੱਖ ਆਲਸ ਨਾ ਕਰ।

ਕੁਦਰਤ ਨੂੰ ਪਰਖਣ ਦੀ ਕੋਸ਼ਿਸ਼ ਨਾ ਕਰ ਵੇਖ ਉਸ ਦੇ ਖੇਲ,
ਸਮਾਂ ਨਾ ਰੁਕੇ, ਨਾ ਅੱਜ ਤੇ ਕੱਲ੍ਹ ਖਾਂਦੇ ਆਪਸ ਵਿਚ ਮੇਲ।



## ਤਸਵੀਰਾਂ ਬੋਲਦੀਆਂ

ਬੇਜ਼ਬਾਨ ਤਸਵੀਰਾਂ ਆਪ-ਮੁਹਾਰੇ ਬੋਲਦੀਆਂ,
ਵਾਪਰ ਰਹੀਆਂ ਘਟਨਾਵਾਂ ਦਾ ਮੂੰਹ ਖੋਲ੍ਹਦੀਆਂ।

ਧਰਮ ਗ੍ਰੰਥਾਂ ਦੀ ਬੇਅਦਬੀ ਕਰਨ ਅਣਗੌਲਿਆ,
ਰੋਸਮਈ ਮੁਜ਼ਾਹਰਿਆਂ ਤੇ ਬੰਦੂਕਾਂ ਦਾ ਮੂੰਹ ਖੋਲ੍ਹਿਆ।

ਕੁਝ ਅਫ਼ਸਰ ਮੁਅੱਤਲ ਕਰ ਕਾਰਵਾਈ ਵਿਖਾਈ,
ਲੋਕਾਂ ਦਾ ਰੋਹ ਤਫਤੀਸ਼ ਸੀ.ਬੀ.ਆਈ. ਤਕ ਪੁਚਾਈ।

ਸਰਕਾਰਾਂ ਆਪਣੇ ਸਿਰ ਤੋਂ ਪੱਲਾ ਝਾੜਨਾ ਜਾਣਦੀਆਂ,
ਐੱਸ.ਆਈ.ਟੀ. ਬਿਠਾ ਕੇ ਗਲੋਂ ਗਲਾਵਾਂ ਲਾਂਹਦੀਆਂ।

ਡਰੱਗ ਤਸਕਰਾਂ ਦੀਆਂ ਇਹਨਾਂ ਖੋਲ੍ਹ ਛੱਡੀਆਂ ਲਗਾਮਾਂ,
ਚੋਣਵੇਂ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦਾ ਕਰਨ ਡਰਾਮਾ।

ਅੱਜ ਵਧ ਰਹੇ ਨਸ਼ੇ ਨੇ ਪੰਜਾਬ ਦੀ ਜਵਾਨੀ ਖਾ ਲਈ,
ਕਿਸਾਨੀ ਕਰਜ਼ੇ ਨੇ ਪੰਜਾਬ ਦੀ ਕਿਸਾਨੀ ਖਾ ਲਈ।

ਕਿਸਾਨੀ ਕਰਜ਼ੇ ਨੇ ਲੱਕ ਤੋੜ ਦਿੱਤਾ ਸਾਡੇ ਕਿਸਾਨਾਂ ਦਾ,
ਕੀ ਹਾਲ ਅੱਜ ਦੇਸ਼ ਦੀ ਰੱਖਿਆ ਕਰਨ ਵਾਲੇ ਜਵਾਨਾਂ ਦਾ !

ਜਵਾਨਾਂ ਦੇ ਖਾਣੇ ਦੀਆਂ ਵੀਡੀਓ ਮੀਡੀਆ 'ਤੇ ਛਾਈਆਂ,
ਇਹਨਾਂ ਵੀਡੀਓ 'ਤੇ ਸਰਕਾਰ ਨੇ ਝੱਟ ਪਾਬੰਦੀਆਂ ਲਾਈਆਂ।

ਜੇਲ੍ਹਾਂ ਦੀ ਸੁਰੱਖਿਆ ਤੇ ਸਵਾਲ, ਜੇਲ੍ਹ ਪ੍ਰਬੰਧਾਂ ਦਾ ਪੋਲ ਖੋਲ੍ਹਦੇ,
ਸਰਕਾਰ ਕੁੰਭਕਰਨ ਦੀ ਨੀਂਦ ਸੁੱਤੀ ਅਧਿਕਾਰੀ ਨਾ ਬੋਲਦੇ।

ਗੈਂਗਸਟਰ ਕੈਦੀਆਂ ਨੂੰ ਭਜਾ ਕੇ ਲੈ ਜਾਣ ਦੀ ਵਿਉਂਤ ਘੜਨ,
ਫਿਲਮੀ ਅੰਦਾਜ਼ ਵਿਚ ਦਾਖ਼ਲ ਹੋ ਕੇ ਮਕਸਦ ਪੂਰਾ ਕਰਨ।

ਨਸ਼ੇ ਅਤੇ ਬੇਰੁਜ਼ਗਾਰੀ ਨੇ ਪੰਜਾਬ ਦੀ ਜਵਾਨੀ ਜੜ੍ਹੋਂ ਰੋਲ 'ਤੀ,
ਨਸ਼ੇ ਦੇ ਧੰਦੇ ਅਤੇ ਵਧ ਰਹੀ ਬੇਰੁਜ਼ਗਾਰੀ ਦੀ ਪੋਲ ਖੋਲ੍ਹ 'ਤੀ।

ਨਿੱਤ ਸੜਕਾਂ ਤੇ ਦੁਰਘਟਨਾਵਾਂ ਇਕ ਆਮ ਜਿਹੀ ਗੱਲ,
ਜਾਨਾਂ ਜਾਂਦੀਆਂ ਸਰਕਾਰ ਨਹੀਂ ਚਿੰਤਤ ਲੱਭਣ ਲਈ ਹੱਲ।

ਨਹੀਂ ਥੱਕਦੇ ਚੌਵੀ ਘੰਟੇ ਬਿਜਲੀ ਦੇਣ ਦਾ ਦਾਹਵਾ ਕਰਦੇ,
ਅੱਜ ਵੀ ਉਹ ਪਿੰਡ ਵੇਖਣ ਨੂੰ ਮਿਲਦੇ ਜਿਥੇ ਦੀਵੇ ਬਲਦੇ।

ਗਲੀਆਂ ਨਾਲੀਆਂ ਸੀਵਰ ਪਾ ਦਿੱਤੇ, ਪਿੰਡ ਸ਼ਹਿਰ ਬਣਾ ਦਿੱਤੇ,
ਗੱਲਾਂ ਕਰਦੇ ਨਹੀਂ ਥੱਕਦੇ ਸਰਕਾਰੀ ਦਫ਼ਤਰ ਗਹਿਣੇ ਪਾ ਦਿੱਤੇ।

ਪਾਣੀ ਵਿਚ ਬੱਸਾਂ ਚਲਾਉਣ ਦਾ ਸੁਪਨਾ ਅਜੇ ਪੂਰਾ ਨਾ ਹੋਇਆ,
ਹਰੀਕੇ ਪੱਤਣ ਵਾਧੂ ਪਾਣੀ ਛੱਡ ਲੋਕਾਂ ਦੀਆਂ ਫ਼ਸਲਾਂ ਨੂੰ ਡੁਬੋਇਆ।

ਵਿੱਦਿਆ ਨੂੰ ਵਪਾਰਕ ਕਿੱਤਾ ਬਣਾ ਸਕੂਲ ਕਾਲਜ ਪਏ ਖੋਲ੍ਹੀ ਜਾਣ,
ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ ਨਸ਼ਿਆਂ ਵਿਚ ਜ਼ਿੰਦਗੀ ਰੋਲੀ ਜਾਣ।

ਵੇਖੋ ਸਿਹਤ ਸਹੂਲਤਾਂ ਵੱਲ, ਡਿਸਪੈਂਸਰੀਆਂ ਵਿਚ ਪੰਛੀਆਂ ਦਾ ਵਾਸਾ,
ਬਣੀਆਂ ਇਨਸਾਨਾਂ ਲਈ, ਪੰਛੀ ਵੇਖ ਵਧ ਗਈ ਲੋਕਾਂ ਦੀ ਨਿਰਾਸ਼ਾ।

ਸਰਕਾਰ ਫੋਕੇ ਵਿਕਾਸ ਦੇ ਅੰਕੜਿਆਂ ਨਾਲ ਕਾਗਜ਼ਾਂ ਦਾ ਢਿੱਡ ਭਰਦੀ,
ਲੋਕ ਭਿਆਨਕ ਬਿਮਾਰੀਆਂ ਤੋਂ ਤੰਗ ਇਹ ਵਿਕਾਸ ਦੀਆਂ ਗੱਲਾਂ ਕਰਦੀ।

ਨਿੱਤ-ਦਿਹਾੜੇ ਏ.ਟੀ.ਐਮ. ਬੈਂਕ ਲੁੱਟੇ ਜਾਂਦੇ, ਲੁੱਟਣ ਵਾਲੇ ਭੈ ਨਹੀਂ ਖਾਂਦੇ,
ਅਪਰਾਧੀ ਫ਼ਰਾਰ ਹੋ ਜਾਂਦੇ, ਕਾਨੂੰਨ ਦੇ ਰਖਵਾਲੇ ਹਰਕਤ ਵਿਚ ਆਂਦੇ।
ਤਸਵੀਰਾਂ ਬੋਲਦੀਆਂ ਹਾਕਮਾਂ ਦੀ ਕਾਰਗੁਜ਼ਾਰੀ ਦਾ ਭਾਰ ਤੋਲਦੀਆਂ।



# ਆਜ਼ਾਦੀ ਦੀ ਲਹਿਰ

ਅੰਗਰੇਜ਼ ਹਕੂਮਤ ਦਾ ਵਿਸ਼ਾਲ ਭਾਰਤ 'ਤੇ ਰਾਜ ਕਰਨਾ,
ਕੋਈ ਵੀ ਅਣਮਨੁੱਖੀ ਅੱਤਿਆਚਾਰ ਕਰਨ ਤੋਂ ਨਾ ਡਰਨਾ।

ਭਾਰਤੀਆਂ ਨੂੰ ਆਜ਼ਾਦੀ ਦਾ ਪਹਿਲਾ ਸਬਕ ਸਿਖਾਇਆ,
ਜਿਸ ਨੇ ਆਜ਼ਾਦੀ ਦੀ ਲਹਿਰ ਨੂੰ ਹੋਰ ਵੀ ਰੰਗ ਚੜ੍ਹਾਇਆ।

ਭਾਰਤੀਆਂ ਵਿਚ ਹੱਕਾਂ ਪ੍ਰਤੀ ਜਾਗਰੂਕਤਾ ਦਾ ਪੈਦਾ ਹੋਣਾ,
ਆਪਣੇ ਮੁਲਕ ਵਿਚੋਂ ਅੰਗ੍ਰੇਜ਼ਾਂ ਤੋਂ ਕਿਵੇਂ ਛੁਟਕਾਰਾ ਪਾਉਣਾ।

ਇਸ ਪ੍ਰਣ ਅਤੇ ਜਜ਼ਬੇ ਦੀ ਭਾਵਨਾ ਨੇ ਸਬਕ ਸਿਖਾਇਆ,
ਹਰੇਕ ਭਾਰਤੀ ਨੇ ਲਹਿਰ ਵਿਚ ਬਣਦਾ ਹਿੱਸਾ ਪਾਇਆ।

ਅੰਗਰੇਜ਼ ਹਕੂਮਤ ਨੇ ਸੌ ਸਾਲ ਤੋਂ ਵੱਧ ਭਾਰਤ 'ਤੇ ਕੀਤਾ ਰਾਜ,
ਹਿੰਦੂਆਂ ਮੁਸਲਮਾਨਾਂ ਨੂੰ ਵੰਡਣ ਦਾ ਸੀ ਖੁੱਲ੍ਹ ਗਿਆ ਪਾਜ।

ਉਹੀ ਭਾਰਤ ਜਿਸ ਨੂੰ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ,
ਭਾਰਤੀਆਂ ਦੀ ਜਾਗਰੂਕਤਾ ਦਾ ਡਰ ਰਹਿੰਦਾ ਖਾਂਦਾ ਸੀ।

ਜਦੋਂ ਹੱਕਾਂ ਪ੍ਰਤੀ ਆਵਾਜ਼ ਉਠਾਉਂਦੇ ਕੁਚਲ ਦਿੱਤਾ ਜਾਂਦਾ,
ਕੁਰਬਾਨੀਆਂ ਦਾ ਜਜ਼ਬਾ ਲਹਿਰ ਨੂੰ ਹੋਰ ਵੀ ਰੰਗ ਚੜ੍ਹਾਂਦਾ।

ਗੋਲੀਆਂ ਤੋਪਾਂ ਨਾਲ ਬਹੁਤ ਅੱਤਿਆਚਾਰ ਕੀਤੇ ਗੋਰਿਆਂ ਨੇ,
ਲਹਿਰ ਦਬਾਉਣ ਦੀ ਕੋਸ਼ਿਸ਼ ਕੀਤੀ ਵਾਇਦੇ ਦੇ ਕੋਰਿਆਂ ਨੇ।
ਹੱਥ-ਕੰਡਾ ਨਾ ਚੱਲਿਆ ਭਾਰਤ ਛੱਡਣ ਦਾ ਸੰਦੇਸਾ ਘੱਲਿਆ।

# ਭਗਤ ਸਿਹਾਂ

ਤੈਨੂੰ ਕਿਉਂ ਨਹੀਂ ਸ਼ਹੀਦ ਦਾ ਮਿਲਿਆ ਦਰਜਾ,
ਤੇਰਾ ਭਾਰਤ ਵਾਸੀ ਨਹੀਂ ਉਤਾਰ ਸਕੇਂਗੇ ਕਰਜ਼ਾ।

ਕਿਤਾਬਾਂ ਦੇ ਪੰਨਿਆਂ 'ਤੇ ਲਿਖਿਆ ਗਿਆ ਸ਼ਹੀਦ,
ਸਰਕਾਰਾਂ ਨੇ ਇਸ ਦੀ ਨਹੀਂ ਕੀਤੀ ਕੋਈ ਤਾਕੀਦ।

ਹਾਕਮਾਂ ਸ਼ਹੀਦਾਂ ਦੀ ਕਤਾਰ ਵਿਚੋਂ ਤੇਰਾ ਨਾਂ ਕੱਢ ਕੇ,
ਬਾਪੂ ਗਾਂਧੀ ਵਰਗੇ ਅੱਗੇ ਲੈ ਆਂਦੇ ਤੈਨੂੰ ਛੱਡ ਕੇ।

ਭਗਤ ਸਿੰਹਾਂ ਨੋਟਾਂ 'ਤੇ ਤੇਰੀ ਫੋਟੋ ਕਿਉਂ ਨਹੀਂ ਲੱਗਦੀ,
ਕਿਸੇ ਸਰਕਾਰੀ ਦਫ਼ਤਰ ਵਿੱਚ ਵੀ ਨਹੀਂ ਲੱਭਦੀ।

ਨੋਟਾਂ ਤੇ ਫੋਟੋ ਬਾਪੂ ਗਾਂਧੀ ਦੀ ਹੀ ਕਿਉਂ ਲੱਗਦੀ,
ਸਰਕਾਰੀ ਦਫ਼ਤਰਾਂ ਵਿਚ ਵੀ ਕੰਧਾਂ 'ਤੇ ਟੰਗੀ ਲੱਭਦੀ।

ਗਾਂਧੀ ਨਾਲੋਂ ਘੱਟ ਨਹੀਂ ਭਗਤ ਸਿੰਹਾਂ ਤੇਰੀ ਕੁਰਬਾਨੀ,
ਪਰਵਾਰ ਨੂੰ ਪਿੱਛੇ ਛੱਡ ਵਤਨ ਤੋਂ ਵਾਰ ਦਿੱਤੀ ਜਵਾਨੀ।

ਗਾਂਧੀ ਵਿਦੇਸ਼ੀ ਹਕੂਮਤ ਦੇ ਅੱਤਿਆਚਾਰ ਜਰਦਾ ਰਿਹਾ,
ਭਗਤ ਸਿੰਘ ਵਰਗਿਆਂ ਦੀ ਵਿਰੋਧਤਾ ਕਰਦਾ ਰਿਹਾ।

ਫਿਰ ਵੀ ਇਹ ਦੇਸ਼ ਪਿਤਾ ਬਾਪੂ ਗਾਂਧੀ ਕਹਾਉਂਦਾ,
ਪਰ ਤੇਰਾ ਨਾਮ ਸ਼ਹੀਦਾਂ ਵਿੱਚ ਕਿਉਂ ਨਹੀਂ ਆਉਂਦਾ।

ਅਜ਼ਾਦੀ ਦੇ ਇਤਿਹਾਸ ਵਿੱਚ ਤੂੰ ਬਣਾ ਲਈ ਐਸੀ ਥਾਂ,
ਅੱਜ ਵੀ ਲੋਕ ਮਾਣ ਨਾਲ ਪੁੱਛਦੇ, ਕਿਹੜਾ ਤੇਰਾ ਗਰਾਂ ?



# ਔਰਤ ਦੀ ਗੋਦ

ਔਰਤ ਦੀ ਗੋਦ ਜਦੋਂ ਹਰੀ ਹੋ ਜਾਵੇ ਮਾਂ ਬਣ ਜਾਂਦੀ,
ਬ੍ਰਿਛ ਦੇ ਪੱਤੇ ਹਰੇ ਹੋ ਜਾਣ ਤਾਂ ਬ੍ਰਿਛ ਦੀ ਛਾਂ ਬਣ ਜਾਂਦੀ।

ਪ੍ਰਕਿਰਿਆ ਚਲੀ ਆਈ ਜਿਸ ਨੇ ਇਹ ਸੰਸਾਰ ਰਚਾਇਆ,
ਔਰਤ ਨੇ ਮਾਂ ਬਣ ਕੇ ਇਸ ਸੰਸਾਰ ਨੂੰ ਅੱਗੇ ਵਧਾਇਆ।

ਔਰਤ ਨਾ ਹੁੰਦੀ ਮਾਂ ਨਾ ਹੁੰਦੀ ਫਿਰ ਨਾ ਹੁੰਦਾ ਇਹ ਸੰਸਾਰ,
ਨਾ ਲੱਭਦਾ ਪਤੀ-ਪਤਨੀ, ਮਾਂ-ਧੀ ਅਤੇ ਮਾਂ-ਪੁੱਤ ਦਾ ਪਿਆਰ।

ਮਾਂ ਦੀ ਕੁੱਖੋਂ ਜਨਮ ਲਿਆ ਮਾਂ ਨੇ ਇਹ ਸੰਸਾਰ ਵਿਖਾਇਆ,
ਲਾਡ ਲਡਾਏ ਮਾਂ ਦੀ ਗੋਦ ਦਾ ਨਿੱਘ ਕਿਤੇ ਹੋਰ ਨਾ ਆਇਆ।

ਮਾਂ ਨਾ ਹੁੰਦੀ ਨਾ ਹੁੰਦੇ ਦੁਨੀਆਂ 'ਤੇ ਨਾਨਕ ਵਰਗੇ ਪੀਰ ਪੈਗ਼ੰਬਰ,
ਰਾਮ ਅਤੇ ਸੀਤਾ ਦਾ ਰਾਜਾ ਜਨਕ ਰਚਾ ਨਾ ਸਕਦਾ ਸਵੰਬਰ।

ਅੱਜ ਜਗਤ ਦੀਆਂ ਸਮੂਹ ਮਾਤਾਵਾਂ ਨੂੰ ਕਰ ਲਈਏ ਸਲਾਮ,
ਰਹਿੰਦੀ ਦੁਨੀਆਂ ਤਕ ਇਸ ਜਗਤ 'ਤੇ ਮਾਂ ਦਾ ਰਹੇ ਨਾਮ।

ਜਿਨ੍ਹਾਂ ਪਾਸ ਮਾਂ ਦਾ ਰੁਤਬਾ ਨਹੀਂ ਸਾਡੀਆਂ ਸ਼ੁਭ ਕਾਮਨਾਵਾਂ,
ਪਰਮਾਤਮਾ ਤੁਹਾਡੀਆਂ ਕੁੱਖਾਂ ਹਰੀਆਂ ਕਰੇ ਸਾਡੀਆਂ ਦਵਾਵਾਂ।

# ਖਿਡਾਰੀਆਂ ਦਾ ਮਾਣ ਸਤਿਕਾਰ

ਭਾਰਤ ਦਾ ਨਾਂ ਉੱਚਾ ਕਰਨ ਦੇਸ ਦੇ ਖਿਡਾਰੀ,
ਸੋਨੇ ਦੇ ਤਗਮੇ ਲੈ ਆਉਣ ਫਿਰ ਵੀ ਹਾਲਤ ਮਾੜੀ।

ਐਸਾ ਕੁਝ ਹੋ ਰਿਹਾ ਪੰਜਾਬ ਦੇ ਖਿਡਾਰੀਆਂ ਨਾਲ,
ਖਿਡਾਰੀਆਂ ਦਾ ਮਾਣ-ਸਤਿਕਾਰ ਇਕ ਅਹਿਮ ਸਵਾਲ।

ਖੇਡਾਂ ਨੂੰ ਉਤਸ਼ਾਹਤ ਕਰਕੇ ਨਸ਼ਾ ਮੁਕਤ ਕਰਾਵਾਂਗੇ,
ਡੁੱਬਦੀ ਪਈ ਜਵਾਨੀ ਪੰਜਾਬ ਦੀ ਅਸੀਂ ਬਚਾਵਾਂਗੇ।

ਹੱਥਾਂ ਵਿੱਚ ਮੈਡਲ ਫੜ ਟਕੇ-ਟਕੇ ਵਿਚ ਵਿਕਣ ਖਿਡਾਰੀ,
ਇਹਨਾਂ ਵਾਸਤੇ ਹੋ ਗਏ ਖਾਲੀ ਖਜ਼ਾਨੇ ਸਾਰੇ ਸਰਕਾਰੀ।

ਇਹ ਸਾਡਾ ਪੰਜਾਬ ਦਰ-ਦਰ ਦੀਆਂ ਠੋਕਰਾਂ ਖਾਣ ਖਿਡਾਰੀ,
ਬੁਰੇ ਕੰਮਾਂ ਵਿਚ ਆਪੇ ਲੱਗਣ ਮੰਦਹਾਲੀ ਨੇ ਮੱਤ ਮਾਰੀ।

ਇਹ ਸਾਡਾ ਪੰਜਾਬ ਜਿਥੇ ਸਰਕਾਰ ਦਾ ਕਸੂਰ ਹੈ ਸਾਰਾ,
ਖਿਡਾਰੀ ਮਿਹਨਤ-ਮਜ਼ਦੂਰੀ ਕਰਕੇ ਕਰਨ ਗੁਜ਼ਾਰਾ।

ਇਹ ਹੈ ਸ਼ਾਨ ਪੰਜਾਬ ਦੇ ਅੰਤਰ ਰਾਸ਼ਟਰੀ ਖਿਡਾਰੀ ਦੀ,
ਖਿਡਾਰੀ ਨਾਲੋਂ ਜ਼ਿੰਦਗੀ ਸੌਖੀ ਪੰਜਾਬ ਦੇ ਵਪਾਰੀ ਦੀ।

ਕੋਈ ਖੇਡਾਂ ਵੱਲ ਨਾ ਜਾਊ ਕੀਮਤੀ ਆਪਣਾ ਵਕਤ ਗਵਾਊ,
ਚੰਗਾ ਹੋਊ ਵਪਾਰੀ ਬਣ ਕੇ ਖੁਸ਼ਹਾਲੀ ਦਾ ਜੀਵਨ ਬਿਤਾਊ।



# ਔਰਤ ਮਰਦ ਦੀ ਸੋਚ

ਆਦਮੀ ਬੁੱਢਾ ਹੋ ਜਾਵੇ ਨਾ ਹੋਵੇ ਬੁੱਢੀ ਕਦੀ ਸੋਚ,
ਪਹੁੰਚ ਤੋਂ ਵਧ ਕੇ ਛਾਲਾਂ ਮਾਰੇ ਨਾ ਰਹੇ ਵਿਚ ਹੋਸ਼।

ਔਰਤ ਦਾ ਸੁਹੱਪਣ ਬੰਦੇ ਦੀ ਜਮਾਂਦਰੂ ਕਮਜ਼ੋਰੀ,
ਧਨ-ਦੌਲਤ ਦਾ ਲਾਲਚ ਬਣੇ ਮਰਦ ਦੀ ਤਜੌਰੀ।

ਔਰਤ ਦੀ ਤਮੰਨਾ ਕਰੋੜਪਤੀ ਨੂੰ ਵਰਗਲਾਉਣ ਦੀ,
ਜ਼ਿੰਦਗੀ ਭਰ ਐਸ਼ ਕੋਸ਼ਿਸ਼ ਕਰੇ ਘਰ ਵਸਾਉਣ ਦੀ।

ਇਹ ਜੀਵਨ ਨਹੀਂ ਸਗੋਂ ਜ਼ਿੰਦਗੀ ਟਪਾਉਣ ਦਾ ਢੰਗ,
ਐਸਾ ਮੇਲ ਫਿਰ ਦੋਵਾਂ ਦੀ ਜ਼ਿੰਦਗੀ ਸੂਲੀ 'ਤੇ ਦੇਵੇ ਟੰਗ।

ਐਸ਼ ਦੀ ਥਾਂ ਸੱਭੇ ਕੁਝ ਫਿਰ ਬਦਲ ਜਾਵੇ ਵਿਚ ਨਰਕ,
ਜ਼ਿੰਦਗੀ ਇਹਨਾਂ ਦੀ ਛਾਇਆ ਹੇਠ ਹੋ ਜਾਵੇ ਗਰਕ।

ਆਉ ਸੰਜੋਗਾਂ ਵਿਚ ਲਿਖੇ ਪਿਆਰ ਦੀ ਕਰੀਏ ਤਲਾਸ਼,
ਨਰਕਾਂ ਦੇ ਭਾਗੀ ਜੀਵਨ ਦੀ ਕਦੀ ਨਾ ਰੱਖੀਏ ਆਸ।

# ਕੈਸੀ ਆਜ਼ਾਦੀ

ਆਜ਼ਾਦ ਭਾਰਤ ਵਿੱਚ ਕਿੱਸ ਆਜ਼ਾਦੀ ਦੀ ਗੱਲ ਕਰਦੇ,
ਹਿੰਦੂ ਮੁਸਲਿਮ ਸਿੱਖ ਇਸਾਈ ਸੱਭੇ ਇਕ ਦੂਜੇ ਤੋਂ ਡਰਦੇ।

ਕੈਸੀ ਆਜ਼ਾਦੀ ਅਸੀਂ ਅਜ਼ਾਦ ਹੋ ਕੇ ਵੀ ਨਹੀਂ ਅਜ਼ਾਦ,
ਆਪਣੀਆਂ ਸਰਕਾਰਾਂ ਕਰਵਾਉਣ ਆਪ ਦੰਗੇ ਫਸਾਦ।

1984 ਦਾ ਫਿਰਕੂ ਕਤਲੇਆਮ ਇਸ ਦੀ ਇਕ ਮਿਸਾਲ,
ਘੱਟ ਗਿਣਤੀ ਦੇ ਫਿਰਕੇ ਦਾ ਕਿਸੇ ਨਾ ਪੁੱਛਿਆ ਹਾਲ।

ਹਜ਼ਾਰਾਂ ਨਿਹੱਥੇ ਬੇਦੋਸ਼ੇ ਸਿੱਖਾਂ ਦਾ ਕਤਲ ਕਰਵਾਇਆ,
ਕਿਸੇ ਨਾ ਅੱਜ ਤੱਕ ਦੁਖੀਆਂ ਨੂੰ ਇਨਸਾਫ਼ ਦਿਵਾਇਆ।

ਭਾਰਤ ਅੰਦਰ ਫਿਰਕਾਪ੍ਰਸਤੀ ਦਾ ਖਤਰਾ ਮੰਡਲਾਉਂਦਾ,
ਹੱਕ ਆਪਣੇ ਕੋਈ ਮੰਗਦਾ ਹਾਕਮ ਤਸ਼ੱਦਦ ਢਾਉਂਦਾ।

ਇਹਨੂੰ ਅਸੀਂ ਅਜ਼ਾਦੀ ਕਹਿੰਦੇ ਲੋਕਾਂ ਦੇ ਸਾਹ ਟੰਗੇ ਰਹਿੰਦੇ,
ਰੋਟੀ ਕੱਪੜਾ ਮਕਾਨ ਦੇਵਾਂਗੇ ਸਭ ਚੋਣ ਮੈਨੀਫੈਸਟੋ ਕਹਿੰਦੇ।

ਖ਼ੁਸ਼ਹਾਲ ਅਤੇ ਆਜ਼ਾਦ ਭਾਰਤ ਦਾ ਜੋ ਨਾਹਰਾ ਲਾਉਂਦੇ,
ਕੋਠੀਆਂ ਵਿਚ ਰਹਿੰਦੇ ਭੁੱਲ ਜਾਣ ਜੋ ਸੜਕਾਂ 'ਤੇ ਸਾਉਂਦੇ।

ਅੱਜ ਵੀ ਉਹ ਕਹਿੰਦੇ ਨਹੀਂ ਥੱਕਦੇ ਸਾਡਾ ਭਾਰਤ ਮਹਾਨ,
ਰਿਸ਼ਵਤਖੋਰੀ ਤੇ ਬੇਰੁਜ਼ਗਾਰੀ ਦੋਵਾਂ ਦਾ ਪਹਿਲਾ ਸਥਾਨ।

ਸੂਬਿਆਂ ਦੇ ਅਧਿਕਾਰਾਂ ਨੂੰ ਲੈ ਕੇ ਚਿੰਤਤ ਨੇ ਅੱਜ ਸਰਕਾਰਾਂ,
ਇਹੀ ਸਰਕਾਰਾਂ ਸੂਬਿਆਂ ਵਿਚਕਾਰ ਖੜ੍ਹੀਆਂ ਕਰਨ ਦੀਵਾਰਾਂ।



# ਲੋਕ-ਰਾਜ

ਲੋਕ-ਰਾਜ ਵਿੱਚ ਲੋਕਾਂ ਦੇ ਚੁਣੇ ਨੁਮਾਇੰਦੇ ਸਰਕਾਰ ਦਾ ਬਣਦੇ ਅੰਗ,
ਇਹ ਵੀ ਸੱਚ ਹੈ ਹਾਰਿਆਂ ਨੂੰ ਪਰਚਾਉਣ ਲਈ ਵੀ ਹੋਰ ਬਥੇਰੇ ਢੰਗ।

ਲੋਕਾਂ ਵੱਲੋਂ ਠੁਕਰਾਇਆਂ ਨੂੰ ਜਦੋਂ ਸਰਕਾਰ ਦਾ ਅੰਗ ਬਣਾਇਆ ਜਾਵੇ,
ਕੀ ਕਰਨਗੇ ਨੁਮਾਇੰਦਗੀ ਲੋਕਾਂ ਦੀ, ਇਸ ਗੱਲ ਦੀ ਸਮਝ ਨਾ ਆਵੇ।

ਕੀ ਇਸ ਤਰ੍ਹਾਂ ਦੀਆਂ ਸਰਕਾਰਾਂ ਬਣ ਸਕਦੀਆਂ ਲੋਕ ਰਾਜ ਦੀਆਂ ਪ੍ਰਤੀਕ,
ਇਹਨਾਂ ਤੱਥਾਂ ਨੂੰ ਲੈ ਕੇ ਇਕ ਲੋਕਰਾਜੀ ਢਾਂਚੇ ਦੀ ਨਹੀਂ ਕਰ ਸਕਦੇ ਉਡੀਕ।

ਰਾਜਨੀਤਕ ਪਾਰਟੀਆਂ ਲੋਕਰਾਜ ਦੇ ਅਸੂਲਾਂ ਨੂੰ ਛਿੱਕੇ ਦਿੰਦੀਆਂ ਟੰਗ,
ਚਹੇਤਿਆਂ ਨੂੰ ਪਦਵੀਆਂ ਦੇਣ ਲਈ ਵਰਤਦੀਆਂ ਸਭ ਤੌਰ-ਤਰੀਕੇ ਢੰਗ।

ਸੱਤ੍ਹਾਧਾਰੀ ਪਾਰਟੀ ਵੱਲੋਂ ਹਾਰਿਆਂ ਨੂੰ ਪਰਚਾਉਣ ਦਾ ਬਣ ਗਿਆ ਰਿਵਾਜ,
ਇਸ ਤਰ੍ਹਾਂ ਦੇ ਸਨਮਾਨਾਂ ਨਾਲ ਉਹਨਾਂ ਲੋਕਾਂ ਦੀ ਰੱਖ ਲਈ ਜਾਂਦੀ ਲਾਜ।

ਲੋਕ ਰਾਜ ਦੀ ਇਹ ਦੇਣ ਦੁਹਾਈ, ਲੋਕ-ਰਾਜੀ ਢਾਂਚੇ ਨੂੰ ਖ਼ੁਦ ਢਾਹ ਲਾਈ,
ਉਹ ਕਿਸ ਤਰ੍ਹਾਂ ਦਾ ਲੋਕ-ਰਾਜ ਜਿੱਥੇ ਲੋਕਾਂ ਦੀ ਨਹੀਂ ਕੋਈ ਸੁਣਵਾਈ !

ਸਰਕਾਰੀ ਢਾਂਚਾ ਕੋਈ ਵੀ ਹੋਵੇ ਹਰ ਮੁਲਕ ਕਹਿੰਦਾ ਸਾਡਾ ਲੋਕ-ਰਾਜ,
ਲੋਕਾਂ ਨੂੰ ਭੁੱਲ ਜਾਂਦੇ ਹਾਰੇ ਅਤੇ ਜਿੱਤੇ ਜਦੋਂ ਪਹਿਨ ਲੈਣ ਸਰਕਾਰੀ ਤਾਜ।

ਲੋਕ-ਰਾਜ ਭਾਵ ਜਿੱਥੇ ਬਿਨਾਂ ਭੇਦ-ਭਾਵ ਹੋਵੇ ਲੋਕਾਂ ਦੀ ਸੁਣਵਾਈ,
ਸਰਕਾਰ ਦੀ ਪ੍ਰੀਭਾਸ਼ਾ : ਲੋਕਾਂ ਦੀ, ਲੋਕਾਂ ਵਾਸਤੇ ਤੇ ਲੋਕਾਂ ਰਾਹੀਂ ਬਣਾਈ।

ਉਹ ਨੇਤਾ, ਜਿਨ੍ਹਾਂ ਨੂੰ ਲੋਕਾਂ ਨੇ ਚੋਣਾਂ ਵੇਲੇ ਨਾ ਕੀਤਾ ਹੋਵੇ ਸਵੀਕਾਰ,
ਲੋਕਾਂ ਦੇ ਪ੍ਰਤਿਨਿਧ ਨਹੀਂ ਬਣ ਸਕਦੇ ਭਾਵੇਂ ਜਾ ਬੈਠਣ ਵਿੱਚ ਸਰਕਾਰ।

# ਸਮੁੰਦਰੋਂ ਪਾਰ

ਪੰਜਾਬ ਦਾ ਦਰਦ ਸਾਡਾ ਆਪਣਾ ਦਰਦ,
ਕੋਈ ਦਰਦ ਫਰੋਲਦਾ ਸਾਡਾ ਹਮਦਰਦ।

ਦਰਦਮੰਦਾਂ ਦੇ ਦਰਦੀ ਨੂੰ ਸਲਾਮ ਕਰੀਏ,
ਉਹਦੀ ਕਲਮ ਨੂੰ ਝੁਕ ਕੇ ਪ੍ਰਣਾਮ ਕਰੀਏ।

ਆਪਣੇ ਫਰਜ਼ ਤੋਂ ਕੰਨੀ ਕਤਰਾਈਏ ਨਾ,
ਸੱਚੀ ਗੱਲ ਕਰੇ ਪਿਛੇ ਹਟ ਜਾਈਏ ਨਾ।

ਸੱਚ ਬੋਲਣ ਵਾਲਿਆਂ ਦਾ ਸਾਥ ਦਈਏ,
ਪੰਜਾਬ ਸਾਡਾ ਭਾਵੇਂ ਨਾ ਪੰਜਾਬ ਰਹੀਏ।

ਕਦੀ ਨਹੀਂ ਭੁੱਲ ਸਕਦਾ ਸਾਨੂੰ ਆਪਣਾ ਦੇਸ਼,
ਵਿਦੇਸ਼ੀ ਧਰਤੀ ਸਾਡੇ ਲਈ ਫਿਰ ਵੀ ਪਰਦੇਸ।

ਜਦੋਂ ਕਦੀ ਅਸੀਂ ਵਾਪਸ ਵਤਨੀਂ ਜਾਈਏ,
ਸੇਜਲੀ ਵਿਦਾਇਗੀ ਨਾਲ ਵਾਪਸ ਆਈਏ।

ਸਾਨੂੰ ਅਫ਼ਸੋਸ ਹੈ ਰਹਿਣ ਦਾ ਵਤਨੋਂ ਦੂਰ,
ਵਤਨੀਂ ਵਿਹਲੇ ਫਿਰਦੇ ਸਾਡਾ ਕੀ ਕਸੂਰ !

ਆਪਣਾ ਵਤਨ ਛੱਡਣਾ ਬਹੁਤ ਔਖਾ,
ਰੋਟੀ-ਰੋਜ਼ੀ ਨਾ ਮਿਲੇ ਕੰਮ ਲੱਭਣਾ ਔਖਾ।

ਜ਼ਿੰਮੇਵਾਰੀਆਂ ਪੈਦਾ ਕਰਨ ਮਜਬੂਰੀਆਂ,
ਬਣ ਜਾਣ ਸਮੁੰਦਰੋਂ ਪਾਰ ਦੀਆਂ ਦੂਰੀਆਂ।



# ਜੈ ਜਵਾਨ ਜੈ ਕਿਸਾਨ

ਭਾਰਤ ਦਾ ਅੰਨ ਦਾਤਾ ਅੱਜ ਲੱਭੇ ਟਕੇ-ਟਕੇ ਦਾ ਕਰਜ਼ਾਈ,
ਸਵਾਮੀ ਨਾਥਨ ਕਮਿਸ਼ਨ ਨੇ ਵੀ ਇਹੋ ਗੁਹਾਰ ਲਗਾਈ।

ਕਿਸੇ ਦੀ ਗੱਲ ਨਾ ਸੁਣਨੀ ਕਮਿਸ਼ਨ ਬਿਠਾ ਦਿੱਤਾ ਜਾਂਦਾ,
ਧਿਆਨ ਅਸਲੀ ਸਮੱਸਿਆ ਵੱਲੋਂ ਹਟਾ ਦਿੱਤਾ ਜਾਂਦਾ।

ਇਹੋ ਕੁਝ ਅੱਜ ਵੀ ਹੋ ਰਿਹਾ ਭਾਰਤ ਦੇ ਅੰਨ ਦਾਤਾ ਨਾਲ,
ਪੂੰਜੀਵਾਦ ਅੱਗੇ ਕਿਸਾਨ ਮਾਰੂ ਨੀਤੀ ਅੱਜ ਵੀ ਇਕ ਸਵਾਲ।

ਹਜ਼ਾਰਾਂ ਕਿਸਾਨ ਖੇਤੀ ਕਰਜ਼ੇ ਥੱਲੇ ਦੱਬੇ ਖੁਦਕੁਸ਼ੀਆਂ ਕਰਦੇ,
ਕਿਸਾਨੀ ਕਰਜ਼ਾ ਛੱਡ ਕੇ ਉਦਯੋਗਪਤੀਆਂ ਦੀ ਹਾਮੀ ਭਰਦੇ।

ਸਰਕਾਰਾਂ ਦਾ ਸੂਬਿਆਂ ਪ੍ਰਤੀ ਵਿਤਕਰਾ ਇਸ ਦਾ ਇਕ ਕਾਰਨ,
ਸਰਕਾਰਾਂ ਦੀਆਂ ਨੀਤੀਆਂ ਪੰਜਾਬ ਦੇ ਕਿਸਾਨ ਨੂੰ ਉਜਾੜਨ।

ਜੈ ਜਵਾਨ ਜੈ ਕਿਸਾਨ ਦਾ ਨਾਹਰਾ ਵੀ ਭੁੱਲ ਗਈਆਂ ਸਰਕਾਰਾਂ,
ਜਵਾਨੀ ਨੂੰ ਖਾਣ ਨਸ਼ੇ ਤੇ ਖੁਦਕੁਸ਼ੀਆਂ ਕਰਨ ਕਿਸਾਨ ਹਜ਼ਾਰਾਂ।

ਜਵਾਨ ਸਰਹੱਦਾਂ ਦੀ ਰਾਖੀ ਕਰਨ ਤੇ ਕਿਸਾਨ ਉਗਾਵੇ ਅੰਨ,
ਜਵਾਨ ਜ਼ੋਖਮ ਵਿੱਚ, ਕਿਸਾਨ ਜੂਝਦਾ ਮੁਸ਼ਕਿਲਾਂ ਦੀ ਪੰਡ ਬੰਨ੍ਹ।

ਬੇਰੁਜ਼ਗਾਰ ਜਵਾਨ ਦੀ ਨਿਰਾਸ਼ਤਾ ਉਸਨੂੰ ਨਸ਼ਿਆਂ ਵੱਲ ਲਾਵੇ,
ਸਰਕਾਰ ਕਿਸਾਨ ਦੇ ਪਰਵਾਰ ਨੂੰ ਮਾਲੀ ਮਦਦ ਦੇ ਅੱਥਰੂ ਪੂੰਝਾਵੇ।

ਅੱਜ ਦੇ ਜਵਾਨ ਕੱਲ੍ਹ ਦੇ ਕਿਸਾਨ ਜਾਂ ਹੋ ਸਕਦੇ ਹੱਦਾਂ ਦੇ ਰਖਵਾਲੇ,
ਕਿਸਾਨ, ਜਵਾਨ, ਰਹੇ ਜੂਝਦੇ ਧਰਤੀ ਬੰਜਰ 'ਤੇ ਸਰਹੱਦਾਂ ਨੂੰ ਤਾਲੇ।

# ਰੈਣ ਬਸੇਰਾ

ਘਰ ਦੀਆਂ ਖ਼ੁਸ਼ੀਆਂ ਆਪਣੇ ਘਰ,
ਨਹੀਂ ਮਿਲਦੀਆਂ ਕਿਸੇ ਦੂਜੇ ਦੇ ਦਰ।

ਘਰ ਨਾਲ ਦੀ ਨਹੀਂ ਕੋਈ ਹੁੰਦੀ ਰੀਸ,
ਚੰਗਾ ਬਣਾਉਂਦਿਆਂ ਨਾ ਵੱਟੀਏ ਚੀਸ।

ਪੰਛੀ ਵੀ ਆਪਣਾ ਨਵਾਂ ਆਲ੍ਹਣਾ ਪਾਉਣ,
ਬਹੁਤ ਸੋਚ-ਸਮਝ ਕੇ ਵਿਉਂਤ ਬਣਾਉਣ।

ਤਿਣਕਾ-ਤਿਣਕਾ ਇਕੱਠਾ ਕਰ ਲਿਆਂਉਂਦੇ,
ਹਰ ਨਵਜੰਮੇ ਬੋਟ ਲਈ ਨਵਾਂ ਬਣਾਉਂਦੇ।

ਮਨੁੱਖ ਦੀ ਕੁਸ਼ਲਤਾ ਉਹਨਾਂ ਤੋਂ ਕਿਵੇਂ ਘੱਟ,
ਦਿਮਾਗ਼ ਮਨੁੱਖ ਦਾ ਪੰਛੀਆਂ ਨਾਲੋਂ ਵੱਧ।

ਰਹਿਣ ਲਈ ਲੱਭਣੀ ਸ਼ੁਰੂ ਕਰੇ ਜਦੋਂ ਥਾਂ,
ਮਨੁੱਖ ਦੀ ਪਛਾਣ ਪਿੰਡ ਹੋਵੇ ਜਾਂ ਗਿਰਾਂ।

ਘਰ, ਪਰਵਾਰ ਦੇ ਜੀਅ ਜਿਥੇ ਰਹਿਣ,
ਰੱਬ ਦਾ ਦਿੱਤਾ ਬਹੁਤ, ਸਾਰੇ ਕਹਿਣ।

ਮਕਾਨ ਬੰਦ ਕਮਰੇ ਚਾਰੇ ਪਾਸੇ ਦੀਵਾਰ,
ਘਰ ਕਹਾਵੇ ਗ੍ਰਹਿ ਪ੍ਰਵੇਸ਼ ਕਰੇ ਪਰਵਾਰ।

ਰੈਣ ਬਸੇਰਾ ਇੱਜ਼ਤ ਮਾਣ ਦਾ ਪ੍ਰਤੀਕ,
ਘਰ ਸੁਲੱਖਣਾ ਖ਼ੁਸ਼ੀਆਂ ਕਰਨ ਉਡੀਕ।



# ਤੇਰਾ ਕਮਾਲ !

ਦੁਨੀਆਂ ਵਿਸ਼ਾਲ ਇਹ ਤੇਰਾ ਕਮਾਲ,
ਤੇਰਾ ਕਮਾਲ ਤੂੰ ਰੱਖੇਂ ਸਭ ਦਾ ਖਿਆਲ।

ਪੱਤੇ ਪੱਤੇ, ਜ਼ਰ੍ਹੇ-ਜ਼ਰ੍ਹੇ ਵਿੱਚ ਤੂੰ ਤੇਰਾ ਕਮਾਲ,
ਤੇਰਾ ਕਮਾਲ, ਧਰਤੀ ਸੂਰਜ ਤੇਰੀ ਚਾਲ।

ਦੋਸ਼ ਕਿਸੇ ਨੂੰ ਕੀ ਦਈਏ ਸਭ ਤੇਰਾ ਭਾਣਾ,
ਤੇਰੇ ਹੁਕਮ ਅੰਦਰ ਇਹ ਸਭ ਤਾਣਾ-ਬਾਣਾ।

ਜਿੱਥੇ ਕੋਈ ਨਾ ਪਹੁੰਚ ਸਕੇ ਉਥੇ ਤੇਰੀ ਦੱਖ,
ਤੇਰਾ ਕਮਾਲ, ਸਭਨਾਂ ਜੀਆਂ ਨੂੰ ਤੇਰੀ ਰੱਖ।

ਇਕ ਪੱਤਾ ਵੀ ਨਾ ਹਿੱਲੇ ਬਿਨ ਤੇਰੇ ਭਾਣੇ,
ਤੇਰਾ ਕਮਾਲ, ਤੂੰ ਦਾਤਾ ਤੇਰੀਆਂ ਤੂੰ ਹੀ ਜਾਣੇ !

ਪੰਛੀਆਂ ਦੀ ਦੁਨੀਆ ਵਿੱਚ ਵੀ ਤੇਰਾ ਜਾਲ,
ਤੇਰਾ ਕਮਾਲ, ਜਾਨਵਰਾਂ ਦਾ ਰੱਖੇਂ ਖਿਆਲ।

ਧਰਤੀ, ਆਕਾਸ਼, ਚੰਦ, ਸੂਰਜ ਅਤੇ ਤਾਰੇ,
ਤੇਰਾ ਕਮਾਲ, ਇਹ ਤੇਰੀ ਰਜ਼ਾ ਵਿੱਚ ਸਾਰੇ।

ਜਿੱਥੇ ਤੇਰਾ ਨਹੀਂ ਨਾਂ ਉਹ ਕਿਹੜੀ ਹੈ ਥਾਂ,
ਉੱਚੇ ਮੁਨਾਰੇ, ਝੌਂਪੜੀਆਂ, ਸ਼ਹਿਰ ਜਾਂ ਗਰਾਂ ?

ਤੇਰਾ ਕਮਾਲ, ਪਤਾਲੀਂ ਅਗਾਸੀਂ ਤੇਰਾ ਨਾਂ,
ਤੂੰ ਸਰਬ ਵਿਆਪਕ ਸਭਨਾਂ ਦਾ ਜਾਣੀ ਜਾਂ।

ਜੀਅ-ਜੰਤ ਸਭ ਤੇਰੇ ਤੂੰਹੀਂ ਰਚਿਆ ਸੰਸਾਰ,
ਤੇਰਾ ਕਮਾਲ, ਤੇਰੀ ਉਪਮਾ ਸਭ ਤੇਰੇ ਨਾਲ।

ਮੁੱਠੀ ਵਿਚ ਲਈ ਬੈਠਾ ਜਗਤ ਤੂੰ ਸਾਰਾ,
ਤੇਰਾ ਕਮਾਲ, ਸਭ ਮੰਗਣ ਤੇਰਾ ਸਹਾਰਾ।

ਆਕਾਸ਼ ਬ੍ਰਹਿਮੰਡ ਉੱਪਰ ਤੇਰੀ ਛਾਇਆ,
ਤੇਰਾ ਕਮਾਲ, ਤੇਰਾ ਨਾ ਕਿਸੇ ਭੇਦ ਪਾਇਆ।

ਜਿੱਥੇ-ਕਿੱਥੇ ਤੂੰ ਹੀ ਪਲ-ਪਲ ਤੇਰੀ ਰਾਹ,
ਤੇਰਾ ਕਮਾਲ, ਇਹਨਾਂ ਸਾਹਾਂ ਦਾ ਕੀ ਵਸਾਹ !



# ਗਿਲੇ ਸ਼ਿਕਵੇ

ਅੱਜ ਤੇਰੇ ਸ਼ਹਿਰ 'ਚੋਂ ਗੁਜ਼ਰਨੇ ਦਾ ਮੌਕਾ ਮਿਲਾ,
ਸੋਚਿਆ ਕਰ ਲਵਾਂਗੇ ਕੋਈ ਰਹਿ ਗਿਆ ਗ਼ਿਲਾ।

ਇਸੇ ਹੀ ਬਹਾਨੇ ਫਿਰ ਮਿਲਨ ਹੋ ਜਾਏਗਾ,
ਮੁੜ ਕਦੀ ਮਿਲਣੇ ਦਾ ਸਬੱਬ ਕਦੋਂ ਆਏਗਾ ?

ਮੌਕੇ ਦੀ ਭਾਲ ਪਹੁੰਚੇ ਤੇਰੇ ਸ਼ਹਿਰ ਦੀਆਂ ਜੂਹਾਂ,
ਲੱਗਾ ਨੇੜੇ ਆ ਗਏ ਤੇਰੇ ਦਰ ਦੀਆਂ ਬਰੂਹਾਂ।

ਸ਼ਹਿਰ ਤੇਰੇ ਦੀ ਕਿੰਨੀ ਸੋਹਣੀ ਲੱਗਦੀ ਦੁਪਹਿਰ,
ਤੇਰੇ ਦੁੱਖ ਸਾਨੂੰ ਲੱਗ ਜਾਣ ਤੇਰੀ ਮੰਗੀਏ ਖ਼ੈਰ।

ਦਿਲਾਂ ਦੀਆਂ ਰੀਝਾਂ ਨਾ ਅਜੇ ਹੋਈਆਂ ਪੂਰੀਆਂ,
ਕਿਉਂ ਫ਼ਾਸਲੇ ਵਧਾ ਲਏ ਛੱਡ ਕੇ ਅਧੂਰੀਆਂ !

ਸ਼ਹਿਰ ਤੇਰੇ ਦੀਆਂ ਜੂਹਾਂ ਅੰਦਰ ਸਾਡੀ ਫੇਰੀ,
ਸੌ ਕਸਮਾਂ ਖਾ ਲਈਏ ਨਹੀਂ ਭੁੱਲਣੀ ਸਾਂਝ ਤੇਰੀ।

ਇਹ ਸਾਂਝ ਦਿਲਾਂ ਦੀ ਜਿਵੇਂ ਸੋਹਣੀ ਮਹੀਂਵਾਲ ਦੀ,
ਦੂਰ-ਦੂਰ ਰਹਿੰਦੇ ਹੋਏ ਵੀ ਨੇੜੇ ਆਉਣਾ ਭਾਲਦੀ।

ਇਕ ਵਾਰ ਬੈਠ ਕੇ ਦਿਲ ਦੀ ਭੜਾਸ ਕੱਢ ਲਈਏ,
ਗ਼ਿਲੇ ਸ਼ਿਕਵੇ ਦੂਰ ਕਰ ਇਹ ਦੂਰੀਆਂ ਛੱਡ ਦਈਏ।

ਕਿਉਂ ਨਾ ਆ ਜਾਈਏ ਮੁੜ ਪਹਿਲਾਂ ਵਾਲੇ ਰਾਹ,
ਕਰੀਏ ਸ਼ੁਰੂ ਜਿੱਥੋਂ ਛੱਡਿਆ, ਗ਼ਿਲੇ ਸ਼ਿਕਵੇ ਭੁਲਾ !

ਖ਼ੁਦਾ ਦੀ ਕਸਮ ਅਸੀਂ ਜੁਦਾਈ ਨਹੀਂ ਸੀ ਚਾਹੀ,
ਇਹ ਤੇ ਮੁਕੱਦਰ ਦੀ ਖੇਡ ਜਿਸ ਮੁਹੱਬਤ ਪਾਈ।

ਤੇਰੀ ਇਹ ਜੁਦਾਈ ਝੜੀ ਆਂਸੂਆਂ ਦੀ ਲੈ ਆਈ,
ਵਫ਼ਾ ਕਿਉਂ ਬਦਲ ਗਈ ਵਿੱਚ ਫਿਰ ਬੇਵਫ਼ਾਈ।

# ਤੇਰੀ ਦੀਦ

ਅੱਖੀਆਂ ਤੋਂ ਦੂਰ ਮੇਰਿਆ ਸਾਂਈਆਂ,
ਕਾਹਨੂੰ ਰਾਤ ਦੀਆਂ ਨੀਦਾਂ ਉਡਾਈਆਂ !

ਸਾਜਨ ਨੂੰ ਮਿਲਣ ਦੀ ਚਾਹਤ ਦਿਖਾਈ,
ਨੈਣ ਤਰਸਦੇ ਦੀਦ ਨੂੰ ਖਿੱਚ ਵਿਖਾਈ।

ਸਾਜਨ ਮੇਰਾ ਵਾਂਗ ਬੂੰਦ ਪਿਆਸ ਦੀ,
ਮਿਲਣੇ ਦੀ ਕਿਰਨ ਜਗਾਈ ਆਸ ਦੀ।

ਤੂੰ ਚੰਨ ਤੇਰੀ ਚਾਨਣੀ ਨ੍ਹੇਰੇ ਰੁਸ਼ਨਾਈ,
ਤੂੰ ਸੂਰਜ ਬੱਦਲਾਂ ਤੇਰਿਆਂ ਛਾਂ ਬਣਾਈ।

ਤੂੰ ਐਸਾ ਚਿਰਾਗ ਮਹਿਕ ਮਹਿਕਾਏ,
ਬਿਨਾਂ ਤੇਲ ਚਿਰਾਗ, ਸੁਗੰਧ ਨਾ ਜਾਏ।

ਬੋਲ ਤੇਰੇ ਮਿੱਠੜੇ ਮਿੱਠੀ ਤੇਰੀ ਆਵਾਜ਼,
ਇਸ ਦੀਵੇ ਦੀ ਮਹਿਕ ਦਾ ਤੂੰ ਜਾਣੇ ਰਾਜ਼।

ਪੱਤੇ-ਪੱਤੇ ਵਿਚ ਤੂੰਹੀਂ ਤੇਰੀ ਕੀ ਪਛਾਣ,
ਤੇਰੀਆਂ ਤੂੰ ਹੀ ਜਾਣੇ ਮੈਂ ਜੀਵ ਅਣਜਾਣ !

ਤੂੰ ਤੇ ਮੈਂ ਦਾ ਭੇਦ ਤੂੰ ਜਾਣੇ ਜੀਵ ਨਾ ਜਾਣੇ,
ਜੀਵ-ਜੰਤ ਤੇਰੇ, ਸ੍ਰਿਸ਼ਟੀ ਚੱਲੇ ਤੇਰੇ ਭਾਣੇ।

ਤੇਰੀ ਦੀਦ ਨੂੰ ਇਹ ਤਰਸਣ ਅੱਖੀਆਂ,
ਚਹੁੰ ਕੂੰਟੀਂ ਦਰਸ ਤੇਰੇ ਨੂੰ ਭਾਲ ਥੱਕੀਆਂ।

ਆ ਜਗਤ ਦੇ ਵਾਲੀ ਅੱਜ ਤੇਰੀ ਲੋੜ,
ਦਰਦਮੰਦਾਂ ਦੇ ਦਰਦੀਆ ਕਿਤੇ ਬਹੁੜ !



# ਸੱਚੀਆਂ ਗੱਲਾਂ

ਬਿਨ ਬਾਦਲ ਬਰਸਾਤ ਨਾ ਆਵੇ,
ਧਰਤੀ ਮਾਂ ਦੀ ਪਿਆਸ ਨਾ ਜਾਵੇ।

ਮਾਂ ਦੀ ਲੋਰੀ ਬਿਨ ਬੱਚਾ ਨਾ ਸੌਂਵੇ,
ਸੌ ਖਿਡੌਣਿਆਂ ਨਾਲ ਲੱਦਿਆ ਹੋਵੇ।

ਬੱਚਿਆਂ ਵਾਲੇ ਘਰ ਬੱਚਾ ਨਾ ਰੋਵੇ,
ਅੱਲਾਹ ਸ਼ੁਕਰ ਕਰੇ ਬੱਚਾ ਤੰਦਰੁਸਤ ਹੋਵੇ।

ਤਾਰਾ ਟੁੱਟੇ ਆਕਾਸ਼ ਤੋਂ ਬੇਸ਼ਗਨ ਹੋਵੇ,
ਘਰ ਬੱਚਾ ਨਾ ਹੋਵੇ ਭੁੱਖਾ, ਕਿਉਂ ਰੋਵੇ ?

ਨਜ਼ਰ ਲੱਗ ਜਾਵੇ ਕੌਣ ਚੁੱਪ ਕਰਾਵੇ,
ਲਾਲ ਮਿਰਚੀ ਵਾਰ ਮਾਂ ਨਜ਼ਰ ਚੁਕਾਵੇ।

ਕਿਸਮਤ ਹੋਵੇ ਤੇਜ਼ ਭੁੱਜੇ ਉੱਗਣ ਮੋਠ,
ਨੀਅਤ ਹੋਵੇ ਸਾਫ਼ ਨਾ ਲੱਗਣ ਗੋਠ।

ਚੰਗਾ ਕਰੀਏ ਪਛਤਾਵਾ ਕਿਉਂ ਹੋਵੇ,
ਚਿੱਤ ਉਦਾਸ ਹਉਕੇ ਭਰ ਭਰ ਰੋਵੇ।

ਨੀਅਤ ਸਾਫ਼ ਮਾੜਾ ਕਿਉਂ ਕਰੀਏ,
ਕੀਤੇ 'ਤੇ ਹੋਵੇ ਭਰੋਸਾ, ਕਿਉਂ ਡਰੀਏ ?

ਦਿਲ ਵਿਚ ਰੱਖੀ ਗੱਲ ਰੋਗ ਬਣ ਜਾਵੇ,
ਰੋਗ ਦਾ ਕੋਈ ਇਲਾਜ ਕੰਮ ਨਾ ਆਵੇ।

ਦਸਾਂ ਨਹੁੰਆਂ ਦੀ ਕਿਰਤ ਰੰਗ ਲਿਆਵੇ,
ਸਬਰ ਦਾ ਫਲ ਮਿੱਠਾ ਕਰ ਲਿਆ ਜਾਵੇ।

## ਆਪਣੇ ਪਰਾਏ

ਆਪਣੇ ਹੋ ਗਏ ਪਰਾਏ,
ਨਾ ਕਿਸੇ ਨੇ ਦੁੱਖ ਵੰਡਾਏ।

ਇਹ ਸੰਤਾਪ ਆਪ ਹੰਢਾਏ,
ਜੋ ਸੀ ਸਾਡੇ ਹਿੱਸੇ ਆਏ।

ਜੋ ਪਹਿਲਾਂ ਪਾਣੀ ਭਰਦੇ,
ਅੱਜ ਕੋਲ ਖੜ੍ਹਨ ਤੋਂ ਡਰਦੇ।

ਸਾਥੋਂ ਮੂੰਹ ਤੁਸੀਂ ਮੋੜ ਲਿਆ,
ਨਾ ਮੋੜਿਆ ਤੁਹਾਡਾ ਕਿਹਾ।

ਜੋ ਹੋਇਆ ਚੰਗਾ ਹੋਇਆ,
ਅਸਾਂ ਨਾ ਦਿਲ ਦੁਖੋਇਆ।

ਸਾਨੂੰ ਜੋ ਅਫ਼ਸੋਸ ਹੋਇਆ,
ਜਾਣਾ ਨਹੀਂ ਕਦੀ ਲੁਕੋਇਆ।

ਨਾ ਕਦੀ ਦਿਲ ਵਿੱਚ ਰੱਖੀਆਂ,
ਸੌ ਵਾਰ ਝੁਲਾਵੇ ਕੋਈ ਪੱਖੀਆਂ।

ਕੁਝ ਲੋਕ ਹੁੰਦੇ ਦਿਲ ਦੇ ਕਾਲੇ,
ਨਾ ਡਰਦੇ ਕਰਨੋਂ ਘਾਲੇ-ਮਾਲੇ।

ਆਪਣੇ ਸਮਝ ਦਿਲ ਦੇ ਛੱਡਿਆ,
ਸਾਨੂੰ ਉਹਨਾਂ ਦਿਲੋਂ ਕੱਢਿਆ।

ਕਹਾਵਤ ਹੈ 'ਕਰ ਭਲਾ ਹੋ ਭਲਾ',
ਮਾੜੀ ਨੀਅਤ ਅੱਗ ਵਿੱਚ ਜਲਾ !



ਜੋ ਕਰੂਗਾ ਅੰਤ ਉਹੀ ਭਰੂਗਾ,
ਬਿਨ ਪਸਚਾਤਾਪ ਕੀ ਕਰੂਗਾ ?

ਮਤਲਬ ਹੱਲ ਨਾ ਹੁੰਦਾ ਹੋਵੇ,
ਮਿੱਠੀ ਜ਼ਬਾਨ ਲੜ ਖੜੋਵੇ।

ਮਤਲਬ ਜਦੋਂ ਨਿਕਲ ਜਾਵੇ,
'ਤੂੰ ਕੌਣ?' ਦਾ ਫਿਰ ਚੇਤਾ ਆਵੇ।

ਦਿਲ ਨਾਲ ਦਿਲ ਦੇ ਨਾ ਸਕੇ,
ਨਹੀਂ ਉਹ ਹੁੰਦੇ ਕਿਸੇ ਦੇ ਸਕੇ।

ਜੇਕਰ ਬਹੁਤਾ ਹੱਥ ਵਧਾਉਗੇ,
ਸਹਿਜੇ ਦੁਸ਼ਮਣ ਬਣ ਜਾਉਗੇ।

ਦਿਲ ਨਾ ਕਿਸੇ ਦਾ ਸਮਝ ਪਾਏ,
ਮੀਆਂ ਮਿੱਠੂ ਬਣ ਘਾਤ ਲਗਾਏ।

ਰੱਬ ਦਾ ਦਿੱਤਾ ਨਹੀਂ ਕੋਈ ਘਾਟਾ,
ਧੋਖੇਬਾਜ਼ਾਂ ਨੂੰ ਨਸੀਬ ਨਾ ਆਟਾ।

ਬਦੀ ਹਮੇਸ਼ਾਂ ਵੇਖਣ ਵਾਲਾ ਰੱਬ,
ਲਖੋਂ ਕੱਖ ਕੱਖੋਂ ਲੱਖ ਕਰ ਦੇਵੇ ਕਬ !

ਨੀਅਤ ਮਾੜੀ ਕਿਸਮਤ ਹੋਵੇ ਖੋਟੀ,
ਐਸੇ ਲੋਕਾਂ ਨੂੰ ਨਸੀਬ ਨਾ ਹੋਵੇ ਰੋਟੀ।

# ਜੀਵਨ ਦੇ ਰੁਝੇਵੇਂ

ਅਸੀਂ ਬਹਾਨਿਆਂ ਦੀ ਦੁਨੀਆਂ ਵਿਚ ਰਹਿੰਦੇ ਹਾਂ,
ਅੱਜ ਨਹੀਂ ਕੱਲ੍ਹ ਨੂੰ ਹਰ ਵਾਰ ਇਹੋ ਕਹਿੰਦੇ ਹਾਂ।

ਕਈ ਕੰਮ ਕੱਲ੍ਹ ਦੀ ਬਜਾਏ ਅੱਜ ਹੀ ਕਰਨੇ ਪੈਂਦੇ,
ਥੋੜ੍ਹੀ ਦੇਰ ਬਾਅਦ ਦੀ ਕਲਪਨਾ ਨੂੰ ਲੈ ਬਹਿੰਦੇ।

ਅੱਜ ਦਾ ਕੰਮ ਕੱਲ੍ਹ 'ਤੇ ਨਹੀਂ ਛੱਡਣਾ ਚਾਹੀਦਾ,
ਕੋਸ਼ਿਸ਼ ਕਰਕੇ ਆਪਣੇ ਮਨ ਨੂੰ ਸਮਝਾਈਦਾ।

ਕੱਲ੍ਹ ਨੂੰ ਕਹਿ ਕੇ ਅੱਜ ਦਾ ਅਪਮਾਨ ਨਾ ਕਰੋ,
ਅੱਜ ਕੁਝ ਸੰਵਾਰ ਲਿਆ ਅਹਿਸਾਨ ਨਾ ਕਰੋ।

ਇਨਸਾਨ ਦੀ ਜ਼ਿੰਦਗੀ ਕੰਮਾਂ ਨਾਲੋਂ ਜ਼ਰੂਰੀ,
ਜ਼ਿੰਦਗੀ ਨੂੰ ਪਿੱਛੇ ਸੁੱਟ ਸਕਦੇ ਹੋਵੇ ਮਜਬੂਰੀ।

ਤੰਦਰੁਸਤੀ ਹੋਵੇ ਕੰਮ ਕੋਈ ਰਹਿ ਨਹੀਂ ਜਾਂਦਾ,
ਬੰਦੇ ਦਾ ਪੇਟ ਰਹਿੰਦਾ ਬੰਦੇ ਨੂੰ ਵੱਢ-ਵੱਢ ਖਾਂਦਾ।

ਦਿਨ ਗੁਜ਼ਰ ਜਾਵੇ ਕੰਮ-ਕਾਜ ਵਿੱਚ, ਰਾਤ ਸੌਂ ਕੇ,
ਕੀ ਇਹ ਜ਼ਿੰਦਗੀ ਵੇਖਣਾ ਨਾ ਮਿਲੇ ਪਿੱਛੇ ਭੌਂ ਕੇ।

ਧੀਆਂ-ਪੁੱਤਾਂ ਭੈਣ ਭਰਾਵਾਂ ਦਾ ਜੋ ਮੋਹ ਜੰਜਾਲ,
ਜ਼ਿੰਦਗੀ ਵਿੱਚ ਆਪਣੇ ਲਈ ਸੁਖ ਨਾ ਸਕੇ ਭਾਲ।

ਜੀਵਨ ਅਮੋਲਕ ਹੀਰਾ ਐਵੇਂ ਨਾ ਕਿਤੇ ਗਵਾ ਬੈਠੀਂ,
ਧੁੱਪ-ਛਾਂ ਨਾ ਵੇਖੇਂ ਕਿਤੇ ਦੇਹ ਨੂੰ ਰੋਗ ਨਾ ਲਵਾ ਬੈਠੀਂ।

ਜ਼ਿੰਦਗੀ ਚਾਰ ਦਿਨਾਂ ਦਾ ਮੇਲਾ ਜੋੜੀਏ ਧੇਲਾ ਧੇਲਾ,
ਧੇਲੇ ਨਾਲ ਨਹੀਂ ਜਾਣਾ, ਛੱਡ ਜਾਣਾ ਭਰਿਆ ਮੇਲਾ।



# ਇਸ਼ਕ ਸਾਂਈਂ ਦਾ

ਇਸ਼ਕ ਸਾਡੇ ਸਾਨੂੰ ਕੀਤਾ ਸ਼ੁਦਾਈ,
ਗਲੀ-ਗਲੀ ਸਾਡੀ ਇੱਜ਼ਤ ਰੁਲਾਈ।

ਮੌਲਾ ਨੇ ਵੀ ਸਾਡੀ ਇਕ ਨਾ ਸੁਣੀ,
ਰਹਿ ਗਈ ਤਾਣੀ ਇਸ਼ਕੇ ਦੀ ਬੁਣੀ।

ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ,
ਮੌਲਾ ਦੇ ਨਾਂ ਕਰ ਦਿੱਤਾ ਜੋ ਬਚਿਆ।

ਨਹੀਂ ਨੀਂਦ ਚੈਨ ਦੀ ਉਹ ਸੌਂਦੇ,
ਮਸਤ ਮਲੰਗ ਗੀਤ ਅੱਲਾਹ ਦੇ ਗੌਂਦੇ।

ਛੋਟੇ-ਵੱਡੇ ਸਭ ਕਹਿਣ ਸ਼ੁਦਾਈ ਸਾਨੂੰ,
ਇੱਜ਼ਤ ਮਿੱਟੀ ਵਿਚ ਰੁਲਾਈ ਕਾਹਨੂੰ ?

ਲੋਕ ਕਹਿਣ ਸ਼ੁਦਾਈ ਕਹਿਣ ਦਿਉ,
ਸਾਨੂੰ ਇਸ਼ਕੇ ਵਿੱਚ ਡੁੱਬੇ ਰਹਿਣ ਦਿਉ।

ਕਿਉਂ ਤੂੰ ਸਾਡੇ ਐਸੇ ਭਾਗ ਲਿਖਾਏ,
ਸਾਨੂੰ ਵੀ ਦੱਸ ਅਸੀਂ ਕਿਹੜੀ ਰੁੱਤੇ ਆਏ !

ਸਾਨੂੰ ਦੀਨ-ਦੁਨੀਆਂ ਦੀ ਨਹੀਂ ਪਰਵਾਹ,
ਕੋਈ ਕੁਝ ਕਹੇ ਸਾਡਾ ਆਪਣਾ ਰਾਹ।

ਡਰ ਨਹੀਂ ਸਾਨੂੰ ਲੋਕਾਂ ਦੇ ਕਹਿਣ ਦਾ,
ਗਮ ਮੁਰਸ਼ਦ ਤੋਂ ਦੂਰ ਰਹਿਣਾ ਦਾ।

ਮਸਤ ਮਲੰਗ ਵਿਚ ਰੰਗੇ ਉਹਦੇ ਰੰਗ,
ਬਸ ਸਾਡਾ ਇਸ਼ਕ ਨਾ ਕਰੇ ਕੋਈ ਭੰਗ।

ਇਸ਼ਕੇ ਦਾ ਰੰਗ ਚੜ੍ਹੇ ਦੂਣ-ਸਵਾਇਆ,
ਚਿੱਤ ਲੱਗਾ ਸ਼ਹੁ ਨਾਲ ਸ਼ਹੁ ਪਾਇਆ।

ਇਸ਼ਕ ਦਾ ਰੋਗ ਜਿਨ੍ਹਾਂ ਨੂੰ ਲੱਗ ਜਾਵੇ,
ਮੁਰਸ਼ਦ ਆਪਣਾ ਆਪ ਰਾਹ ਵਿਖਾਵੇ।



# ਚੜਦੇ ਸੂਰਜ ਨੂੰ ਸਲਾਮ

ਕਾਮਯਾਬੀ ਦੇ ਰਾਹ ਚੱਲਦਿਆਂ ਮੁਸਕਲਾਂ ਢੇਰ,
ਇਕੱਲਿਆ ਦਾ ਸਫ਼ਰ ਸਾਥ ਕਿਸੇ ਕੀ ਦੇਣਾ ਫੇਰ।

ਦੇਖ ਕੇ ਕਾਮਯਾਬੀ ਦੋਸਤ ਬਣ ਜਾਣ ਬਥੇਰੇ,
ਛੱਡ ਕੇ ਦੂਰੀਆਂ ਦੁਸ਼ਮਣ ਵੀ ਆ ਜਾਣ ਨੇੜੇ।

ਕਾਮਯਾਬੀ ਵਰਗਾ ਨਸ਼ਾ ਨਹੀਂ ਦਿੰਦੀ ਸ਼ਾਰਾਬ,
ਆਪਣੇ ਜੋ ਦੂਰ ਹੋਏ ਮਿਲਨੇ ਦੇ ਲੈਣ ਫਿਰ ਖ਼ਾਬ।

ਇਨਸਾਨ ਚੜਦੇ ਸੂਰਜ ਨੂੰ ਕਰੇ ਸਲਾਮ ਜਿਹੜਾ,
ਉਸ ਤੋਂ ਵੱਧ ਸੁਆਰਥੀ ਹੋ ਸਕਦਾ ਹੋਰ ਕਿਹੜਾ।

ਜ਼ਿੰਦਗੀ ਵਿੱਚ ਉਤਰਾ ਚੜਾ ਹਰ ਮਨੁੱਖ ਦੇ ਆਉਂਦੇ,
ਦੋਸਤ ਉਹੀ ਹੁੰਦੇ ਜੋ ਔਖੇ ਵੇਲੇ ਵੀ ਸਾਥ ਨਿਭਾਉਂਦੇ।

ਸਾਡੀਆਂ ਮੁਸ਼ਕਲਾਂ ਹੀ ਸਾਡੀ ਕਾਮਯਾਬੀ ਦਾ ਰਾਹ,
ਮਿਹਨਤੀ ਪੰਜਾਬੀ ਨਾ ਕਰੀਏ ਮੁਸ਼ਕਲਾਂ ਦੀ ਪ੍ਰਵਾਹ।

ਮਿਹਨਤੀ ਰੱਜ ਕੇ ਪੱਥਰਾਂ ਤੇ ਆਨਾਜ ਉਗਾ ਦਈਏ,
ਜਿਥੇ ਵੀ ਜਾਈਏ ਕਾਬਲੀਅਤ ਦੇ ਝੰਡੇ ਝੁਲਾ ਦਈਏ।

ਵਿਦੇਸ਼ਾਂ ਵਿੱਚ ਸਾਡੀ ਕਾਮਯਾਬੀ ਹੁਨਰ ਦਾ ਪ੍ਰਤੀਕ,
ਨੌਕਰੀਆਂ, ਕਾਰੋਬਾਰ ਨੂੰ ਛੱਡ ਸਿਆਸਤ ਰਹੀ ਉਡੀਕ।

ਵਿਦੇਸ਼ੀ ਹੈਰਾਨ ਹੁੰਦੇ ਵੇਖ ਪੰਜਾਬੀਆਂ ਦੀ ਕਾਮਯਾਬੀ,
ਸਿਆਸਤ ਵਿੱਚ ਉਚੇ ਅਹੁਦਿਆਂ ਤੇ ਲੱਭਦੇ ਪੰਜਾਬੀ।

ਹਰੇਕ ਚੰਗੇ ਖੇਤਰ ਵਿੱਚ ਪੰਜਾਬੀਆਂ ਨੇ ਝੰਡੇ ਗੱਡੇ,
ਨੌਕਰੀਆਂ ਤੇ ਵੱਡੇ ਵੱਡੇ ਕਾਰੋਬਾਰਾਂ ਦੇ ਮਾਲਕ ਨੇ ਨੱਢੇ।

# ਸੁਪਨਿਆਂ ਦੀ ਮੰਗੇਤਰ

ਬਿਖੜੇ ਪੈਂਡੇ ਵਾਟਾਂ ਡੂੰਘੀਆਂ ਮੁਸ਼ਿਕਲਾਂ ਢੇਰ,
ਦ੍ਰਿੜ੍ਹ ਇਰਾਦੇ ਮੰਜ਼ਲ ਸਹੀ, ਨਾ ਲੱਗੇ ਦੇਰ।

ਮੰਜ਼ਲ ਨਹੀਂ ਲੱਭ ਪਾਉਂਦੇ ਰਹਿੰਦੇ ਭਟਕਦੇ,
ਸਫਰ ਅਧੂਰਾ ਰਹਿ ਜਾਵੇ ਰਹਿੰਦੇ ਲਟਕਦੇ।

ਏਨਾ ਨਹੀਂ ਆਸਾਨ ਤੈਨੂੰ ਛੱਡਣਾ ਵੇ ਸੱਜਣਾ,
ਤੇਰੇ ਬਿਨ ਜੀਵਨ ਮੇਰਾ ਲੱਗੇ ਸੱਖਣਾ ਸੱਖਣਾ।

ਮਾਪਿਆਂ ਤੋਂ ਦੂਰ ਵੀ ਮੈਂ ਹੋਣਾ ਨਹੀਂ ਮੰਗਦੀ,
ਜਦੋਂ ਦੀ ਅੱਖ ਲੜ ਗੀ ਘੜੀ ਵੀ ਨਹੀਂ ਲੰਘਦੀ।

ਸੱਜਣ ਤੋਂ ਦੂਰ ਜਾ ਕੇ ਹੋ ਜਾਂਦਾ ਜੀਊਣਾ ਔਖਾ,
ਮਾਪਿਆਂ ਨੂੰ ਛੱਡ ਜਾਵਾਂ ਮਾਂ-ਪਿਉ ਨਾਲ ਧੋਖਾ।

ਸਾਡਾ ਪਿਆਰ ਹੈ ਦੀਵੇ ਦੀ ਉਹ ਸ਼ਮਾ ਸੱਜਣਾ,
ਤੂੰ ਭੱਜ ਜਾਵੇਂ ਸਾਥੋਂ ਅਸੀਂ ਨਹੀਂ ਸਿਖਿਆ ਭੱਜਣਾ।

ਜਦ ਚਾਹੇਂ ਇਸ ਨੂੰ ਜਗਾ ਲਿਆ ਬੁਝਾ ਲਿਆ,
ਜਦ ਦਿਲ ਕਰੇ ਆਵਾਜ਼ ਦੇ ਕੇ ਬੁਲਾ ਲਿਆ।

ਸਾਨੂੰ ਤੇਰੇ ਤੋਂ ਬਿਨਾਂ ਦੁਨੀਆਂ ਤੇ ਕੋਈ ਹੋਰ ਨਹੀਂ,
ਇਸ ਦੀਵੇ ਦੀ ਸ਼ਮਾ ਨੂੰ ਤੇਲ ਦੀ ਵੀ ਲੋੜ ਨਹੀਂ।

ਤੂੰ ਜਾਣੇ ਨਾ ਜਾਣੇ ਮੈਂ ਤੇਰੀ ਹੋ ਕੇ ਰਹਿ ਗਈ,
ਤੇਰੇ ਬਿਨ ਹੋਰ ਸਭ ਕੁਝ ਛੱਡ ਕੇ ਬਹਿ ਗਈ।

ਹਰ ਪਲ ਤੇਰੀ ਯਾਦ ਸਤਾਵੇ ਸਮਝ ਨਾ ਆਵੇ,
ਮੈਂ ਚਾਹਿਆ ਤੈਨੂੰ ਦਿਲ ਤੋਂ ਦਿਲ ਮੈਨੂੰ ਸਮਝਾਵੇ।

ਕਿਵੇਂ ਸਮਝਾਵਾਂ ਜੋ ਕਹਿਣਾ ਉੱਪਰ ਕਹਿ ਗਈ,
ਤੇਰੇ ਸੁਪਨਿਆਂ ਦੀ ਮੰਗੇਤਰ ਬਣ ਕੇ ਰਹਿ ਗਈ।



# ਪਿਆਰ ਦੀ ਬਾਜ਼ੀ

ਚੰਨ ਨਾਲੋਂ ਸੋਹਣਾ ਲੱਗੇਂ ਸ਼ਹਿਦ ਨਾਲੋਂ ਮਿੱਠਾ,
ਚਾਰੇ ਕੂੰਟਾਂ ਢੂੰਡੀਆਂ ਤੇਰੇ ਜਿਹਾ ਨਾ ਡਿੱਠਾ।

ਸੱਜਣਾ ਵੇ ਸੱਜਣਾਂ ਅਸੀਂ ਨਹੀਉਂ ਭੱਜਣਾ,
ਤੂੰ ਭਾਵੇਂ ਮੁੱਖ ਮੋੜ ਲਵੇਂ ਅਸੀਂ ਨਹੀਉ ਕੱਜਣਾ।

ਅਸੀਂ ਤੈਨੂੰ ਦਿਲੋਂ ਚਾਹਿਆ ਆਪਣਾ ਬਣਾਇਆ,
ਤੇਰੇ ਨਾਲ ਸਾਂਝ ਪਾਈ ਪਿਆਰ ਜਤਾਇਆ।

ਪਿਆਰ ਸਾਡੇ ਦਾ ਮੁੱਲ ਹੰਝੂਆਂ ਨਾਲ ਪਾਇਆ,
ਦਿਲਾਸਾ ਦੇ ਭੈੜੇ ਹੰਝੂਆਂ ਨੂੰ ਬੜਾ ਸਮਝਾਇਆ।

ਵੇ ਸੋਹਣਿਆਂ ਤੈਨੂੰ ਰਤਾ ਵੀ ਤਰਸ ਨਾ ਆਇਆ,
ਮਲੂਕ ਜਿੰਦ ਨੂੰ ਕਿਹੜਿਆਂ ਵਖਤਾਂ ਵਿੱਚ ਪਾਇਆ।

ਕੀ ਕਮੀ ਮੇਰੇ ਵਿੱਚ ਜੋ ਤੈਨੂੰ ਪ੍ਰਵਾਨ ਨਾ ਹੋਈ,
ਮਾਪੇ, ਭੈਣ ਭਰਾ ਛੱਡ ਤੇਰੇ ਰਾਹ ਵਿੱਚ ਆ ਖਲੋਈ।

ਸੋਚਿਆ ਜ਼ਿੰਦਗੀ ਦਾ ਸਾਥ ਤੇਰੇ ਨਾਲ ਨਿਭਾਵਾਂਗੀ,
ਲੋੜ ਪਈ ਤਾਂ ਤੇਰੇ ਕਦਮਾਂ ਦੀ ਧੂਲ ਬਣ ਜਾਵਾਂਗੀ।

ਮੇਰਿਆ ਮਹਿਰਮਾ ਦਿਲ ਦੇ ਜਖ਼ਮ ਬਣਾਈਦੇ ਨਹੀਂ,
ਅਨਜਾਣਪੁਣੇ ਵਿੱਚ ਬਣ ਵੀ ਜਾਣ ਦੁਖਾਈਦੇ ਨਹੀਂ।

ਦਿਲ ਵਿਚ ਵੱਸ ਕੇ ਨਿਕਲ ਜਾਣਾ ਦਸਤੂਰ ਨਹੀਂ ਹੁੰਦਾ,
ਪਿਆਰ ਪਾ ਕੇ ਭੁੱਲ ਜਾਣ ਵਾਲਾ ਮਜਬੂਰ ਨਹੀਂ ਹੁੰਦਾ।

ਜੋ ਤੂੰ ਕੀਤਾ ਠੀਕ ਕੀਤਾ ਬਸ ਇਹੋ ਕਹਿਣਾ ਚੰਗਾ,
ਪਿਆਰ ਦੀ ਬਾਜ਼ੀ ਹਾਰ ਗਏ ਚੁੱਪ ਰਹਿਣਾ ਚੰਗਾ।

## ਗ਼ਰੀਬ ਦੀਆਂ ਅਸੀਸਾਂ

ਗ਼ਰੀਬ ਨੂੰ ਖੁਆਉਗੇ,
ਬਹੁਤ ਸੁਖ ਪਾਉਗੇ।

ਗ਼ਰੀਬ ਦੀਆਂ ਅਸੀਸਾਂ,
ਬਣ ਜਾਣ ਬਖ਼ਸ਼ੀਸ਼ਾਂ।

ਮਨ ਸਮਝਾਉਣ ਦੀ ਲੋੜ,
ਨਾ ਫਿਰ ਆਵੇ ਕੋਈ ਥੋੜ।

ਢਿੱਡੋਂ ਭੁੱਖਾ ਤਨ ਤੋਂ ਨੰਗਾ,
ਮਦਦ ਕਰੋ ਸਭ ਤੋਂ ਚੰਗਾ।

ਧਨ ਦੌਲਤ ਰੱਬ ਦੀ ਦਾਤ,
ਵੰਡਣ ਲੱਗੋ ਨਾ ਆਵੇ ਘਾਟ।

ਰੱਜੇ ਨੂੰ ਹੋਰ ਰਜਾਉਣਾ,
ਕਿਸੇ ਕੰਮ ਨਹੀਂ ਆਉਣਾ।

ਸੋਚ ਨੂੰ ਬਦਲਣ ਦੀ ਲੋੜ,
ਲੋੜਵੰਦ ਨੂੰ ਦੇਵੋ ਨਹੀਂ ਥੋੜ।

ਰੱਬ ਦਾ ਦਿੱਤਾ ਬਹੁਤ ਕੁਝ,
ਕਿਥੇ ਲਾਵਾਂ ਨਹੀਂ ਰਹੀ ਸੁੱਝ।

ਗੋਲਕਾਂ ਨੂੰ ਭਰਨ ਦੀ ਥਾਂ,
ਭੁੱਖੇ ਨੂੰ ਖੁਆ, ਕਮਾਉ ਨਾਂ।

ਮੰਦਰਾਂ, ਗੁਰੂ-ਘਰਾਂ ਵੱਲ ਝੁਕਾਅ,
ਦਸਵੰਧ ਗੁਰੂ-ਘਰ ਦੇਣ ਚੜ੍ਹਾ।



ਉੱਚੇ ਮੁਨਾਰੇ ਉਸਾਰੀ ਜਾਣ,
ਭੁੱਖੇ ਨੰਗੇ ਦੀ ਨਾ ਕਰਨ ਪਛਾਣ।

ਰੱਬ ਦੇ ਮੰਦਰ ਨੂੰ ਸਮਝਣ ਦੂਜਾ,
ਪੱਥਰਾਂ ਦੇ ਮੰਦਰ ਦੀ ਕਰਨ ਪੂਜਾ।

ਹਮੇਸ਼ਾ ਸ਼ੁਕਰਾਨਾ ਕਰੀਏ ਰੱਬ ਦਾ,
ਉਸ ਕੋਲੋਂ ਭਲਾ ਮੰਗੀਏ ਸਭ ਦਾ।

ਇਸ ਦੁਨੀਆ 'ਤੇ ਜੋ ਵੀ ਆਇਆ,
ਆਪਣੀ ਤਕਦੀਰ ਦਾ ਫਲ ਪਾਇਆ।

ਅਮੀਰ ਗ਼ਰੀਬ ਸਭ ਉਹ ਦੀ ਪਰਜਾ,
ਕੋਈ ਸ਼ਾਹੂਕਾਰ ਕਿਸੇ ਦੇ ਸਿਰ ਕਰਜ਼ਾ।

## ਸੋਚ ਬਦਲਾਓ

ਕੁਝ ਬੋਤਲਾਂ 'ਤੇ ਵਿਕ ਜਾਂਦੇ,
ਕੁਝ ਲਾਰਿਆਂ ਤੇ ਟਿਕ ਜਾਂਦੇ।

ਕੁਝ ਨੂੰ ਨਸੀਬ ਨਹੀਂ ਕੁੱਲੀ-ਜੁੱਲੀ,
ਕਿਸਮਤ ਦੇ ਮਾਰੇ ਸੁੱਧ-ਬੁੱਧ ਭੁੱਲੀ।

ਸੁੱਧ ਬੁੱਧ ਉਹਨਾਂ ਦੀ ਨਹੀਂ ਟਿਕਾਣੇ,
ਦਾਲ ਆਟਾ ਸਸਤਾ ਉਹਨਾਂ ਦੇ ਭਾਣੇ।

ਢਿੱਡ ਭਰ ਜਾਊ ਤਨ ਕਿੱਥੋਂ ਢੱਕਣਾ,
ਸੋਚ ਸੌੜੀ ਖੀਸਾ ਸੱਖਣੇ ਦਾ ਸੱਖਣਾ !

ਐਸੇ ਲੋਕਾਂ ਅੰਦਰ ਬਦਲਾਅ ਦੀ ਲੋੜ,
ਔਖਾ ਕੰਮ ਨਹੀਂ ਜੇ ਕਰੇ ਕੋਈ ਗ਼ੌਰ।

ਸੂਝਵਾਨ ਲੋਕਾਂ ਦੀ ਇਕ ਬਣੇ ਜਮਾਤ,
ਨਿੱਜੀ ਹਿੱਤ ਤਿਆਗ ਕੇ ਮਾਰਨ ਝਾਤ।

ਅਸੀਂ ਉਸ ਸਮਾਜ ਵਿਚ ਰਹਿ ਰਹੇ,
ਇਕੱਲੇ-ਇਕੱਲੇ ਸਭ ਕੁਝ ਸਹਿ ਰਹੇ।

ਲੋਕਾਂ ਦਾ ਜੀਉਣ ਦਾ ਆਪਣਾ ਢੰਗ,
ਸੋਚ ਬਦਲਣ ਦੀ ਅੱਜ ਵਿੱਢੀ ਜੰਗ।

ਜਿਹਨਾਂ ਲੋਕਾਂ ਦੀ ਨਹੀਂ ਕੋਈ ਆਸ,
ਨਾ ਉਹ ਕਰ ਸਕਣ ਕੋਈ ਪਰਿਆਸ।

ਸਾਡੀ ਆਸ ਇਹਨਾਂ ਤੋਂ ਹੋਣੀ ਪੂਰੀ,
ਇਹਨਾਂ ਨੂੰ ਸਮਝਾਉਣਾ ਉਨਾ ਜ਼ਰੂਰੀ।



ਹਾਕਮਾਂ ਚਾਲਾਂ ਚੋਂ ਬਾਜ ਨਹੀਂ ਆਉਣਾ,
ਵਿਕਣ ਵਾਲਿਆਂ ਨੂੰ ਪੈਣਾ ਸਮਝਾਉਣਾ।

ਆਸ ਛੱਡ ਬਹਿ ਜਾਣਾ ਨਹੀਂ ਅਕਲਮੰਦੀ,
ਪੰਜਾਬ ਦੀ ਬਰਬਾਦੀ ਗੱਲ ਨਹੀਂ ਚੰਗੀ।

## ਸੱਚ ਝੂਠ ਦਾ ਬਜ਼ਾਰ

ਸੱਚ ਦੀ ਦੁਕਾਨ 'ਤੇ ਗਾਹਕ ਨਾ ਕੋਈ ਲੱਭੇ,
ਝੂਠ ਦੀਆਂ ਦੁਕਾਨਾਂ ਵੱਲ ਭੱਜੇ ਜਾਣ ਸੱਭੇ।

ਝੂਠ ਦੀਆਂ ਰੌਣਕਾਂ ਝੂੱਠ ਦੇ ਬਜ਼ਾਰਾਂ ਵਿੱਚ,
ਗਾਹਕ ਖੜ੍ਹੇ ਲਾਈਨਾਂ 'ਚ ਹਜ਼ਾਰਾਂ ਵਿੱਚ।

ਸੱਚ ਦੀਆਂ ਦੁਕਾਨਾਂ ਵਾਲੇ ਹੱਥ ਪਏ ਮਲਦੇ,
ਸਾਹਮਣੇ ਬੈਠੇ ਝੂਠ ਦੀ ਕਮਾਈ ਉੱਤੇ ਪਲਦੇ।

ਸੱਚ ਦੀ ਦੁਕਾਨ ਤੇ ਗਾਹਕ ਨਾ ਕੋਈ ਆਵੇ,
ਗ਼ਲਤੀ ਨਾਲ ਆ ਜਾਵੇ ਖਾਲੀ ਹੱਥ ਮੁੜ ਜਾਵੇ।

ਝੂਠ ਦੇ ਬਜ਼ਾਰ ਸੱਜਣ ਕਰਨ ਝੂਠ ਦਾ ਵਪਾਰ,
ਮਾਲ ਵੇਚ ਲੈਣ ਕਰ ਝੂਠੇ ਵਾਹਿਦੇ ਇਕਰਾਰ।

ਦੁਪਹਿਰ ਤੱਕ ਝੂਠ ਦੀ ਹੋ ਜਾਵੇ ਮਾਲੋ-ਮਾਲ,
ਸੱਚ ਦੀ ਦੁਕਾਨ ਦਾ ਸ਼ਾਮ ਤੱਕ ਵੀ ਬੁਰਾ ਹਾਲ।

ਸ਼ਾਮੀਂ ਖਾਲੀ ਹੱਥ ਤੁਰ ਜਾਣ ਕਰਕੇ ਦੁਕਾਨ ਬੰਦ,
ਸੱਚ ਦਾ ਸੌਦਾ ਵੇਚਣ ਕਿਥੋਂ ਕੱਢਣ ਦਸਵੰਧ।

ਸੱਚ ਦੀ ਬਿਜਾਈ ਕਰੇ ਮੰਡੀ ਸੱਚ ਦੀ ਨਾ ਲੱਭੇ,
ਝੂਠ ਦੀ ਬਿਜਾਈ ਵਾਲਾ ਨਾ ਭੱਜੇ ਸੱਜੇ ਖੱਬੇ।

ਝੂਠ ਦੀ ਮੰਡੀ ਲੱਗੀ ਵੇਚਣ ਤੇ ਖਰੀਦਣ ਵਾਲੇ ਝੂਠੇ,
ਸੱਚ ਵੇਚਣ ਵਾਲਿਆਂ ਦੇ ਹੱਥਾਂ 'ਚ ਫੜਾ ਦੇਣ ਠੂੱਠੇ।

ਤੇਰਾਂ ਤੇਰਾਂ ਤੋਲਣ ਵਾਲਾ ਨਾ ਅੱਜ ਲੱਭੇ ਕਿਤੇ ਵਪਾਰ,
ਸੱਚ ਦੇ ਵਪਾਰੀਆਂ ਹੱਥ ਖੜ੍ਹੇ ਕਰ, ਮੰਨ ਲਈ ਹਾਰ।



## ਸਾਇੰਸ ਯੁੱਗ ਦੀ ਤੋਰ

ਵਾਹ ਭਈ ਵਾਹ ਕਮਾਲ ਇਸ ਫੇਸਬੁਕ ਦੀ,
ਚੌਵੀ ਘੰਟੇ ਚਲਦੀ ਰਹਿੰਦੀ ਨਹੀਂ ਕਦੀ ਰੁਕਦੀ।

ਕੋਈ ਇਸ ਨੂੰ ਦਿਨੇ ਚਲਾਵੇ ਕੋਈ ਚਲਾਵੇ ਰਾਤ,
ਸਵਾਰੀ ਇਸਦੀ ਕਰਨ ਸੁੱਤੀ ਹੋਵੇ ਕਾਇਨਾਤ।

ਦੁਨੀਆਂ ਦੇ ਹਰ ਕੋਨੇ ਵਿੱਚ, ਪਹੁੰਚ ਲੱਭੇ ਇਸਦੀ,
ਇੰਟਰਨੈੱਟ ਦਾ ਯੁੱਗ ਹੋਵੇ ਵਾਂਗ ਪਰਛਾਵੇਂ ਦਿੱਸਦੀ।

ਸਾਇੰਸ ਦਾ ਯੁੱਗ, ਮਨੁੱਖ ਨਹੀਂ ਰਿਹਾ ਪਹਿਲਾਂ ਵਾਲਾ,
ਦੂਰ-ਦੁਰੇਡੇ ਗੱਲ ਕਰਨ ਦਾ ਢੰਗ-ਤਰੀਕਾ ਸੁਖਾਲਾ।

ਦਿਨਾਂ ਦਾ ਸਫ਼ਰ ਘੰਟਿਆਂ ਵਿੱਚ ਕੀ ਚਾਹੀਦਾ ਹੋਰ,
ਗ੍ਰਹਿਾਂ ਦੀ ਮਨੁੱਖੀ ਯਾਤਰਾ ਸਾਇੰਸ ਯੁੱਗ ਦੀ ਤੋਰ।

ਫੇਸਬੁਕ ਦੇ ਡਾਕੀਏ ਵਾਂਗੂੰ ਸਾਧਨ ਫਿਰਦੇ ਉੱਡਦੇ,
ਚਿੱਠੀ-ਪੱਤਰ ਛੱਡ ਈ-ਮੇਲ ਵਰਗੇ ਸਾਧਨ ਜੁੜਦੇ।

ਇੱਕੀਵੀਂ ਸਦੀ ਦੀਆਂ ਕਾਢਾਂ ਕੀਤਾ ਜੀਵਨ ਸੁਖਾਲਾ,
ਸਾਂਭ-ਸੰਭਾਲ ਨਾਲ ਵਧੀਆ ਲੱਗਦਾ ਆਲਾ-ਦੁਆਲਾ।

ਹਵਾਈ ਅਤੇ ਜ਼ਮੀਨੀ ਸਾਧਨਾਂ ਦੀ ਤੇਜ਼ ਹੋਈ ਰਫ਼ਤਾਰ,
ਖੇਤਰੀ ਵੰਡਾਂ ਨੂੰ ਛੱਡ ਕੇ ਅੱਜ ਨੇੜੇ ਹੋ ਗਿਆ ਸੰਸਾਰ।

ਪ੍ਰਮਾਣੂ ਖੋਜ ਸੰਚਾਰ ਸਾਧਨਾਂ ਉੱਨਤੀ ਦਰਜ ਕਰਵਾਈ,
ਲਾਹੇਵੰਦ ਧੰਦਿਆਂ ਨੂੰ ਛੱਡ ਮਨੁੱਖ ਦੀ ਚਿੰਤਾ ਵਧਾਈ।

# ਜ਼ਿੰਦਗੀ ਦਾ ਸੱਚ

ਕੌੜੇ ਸੱਚ ਨੂੰ ਸਮਝਣ ਲਈ ਜ਼ਿੰਦਗੀ ਲੰਘ ਜਾਵੇ,
ਸੱਜਣਾਂ ਦੇ ਸਮਝਾਉਣ 'ਤੇ ਵੀ ਸਮਝ ਨਾ ਆਵੇ।

ਇਨਸਾਨ ਕਾਹਦਾ ਰਿਸ਼ਤਿਆਂ ਨੂੰ ਸਮਝ ਨਾ ਪਾਵੇ,
ਕਾਹਦਾ ਰਿਸ਼ਤਾ ਜੋ ਵਕਤ ਸਿਰ ਸਮਝ ਨਾ ਆਵੇ।

ਦੁਨੀਆਂ ਤੇ ਮਨੁੱਖ ਇਕੱਲਾ ਸਾਥ ਨਾ ਕੋਈ ਆਵੇ,
ਰਿਸ਼ਤਿਆਂ ਦੀ ਮਾਲਾ ਦਾ ਮਣਕਾ ਆਪੇ ਬਣ ਜਾਵੇ।

ਮਣਕੇ ਜਦੋਂ ਖਿੱਲਰ ਜਾਣ ਮਾਲਾ ਨਹੀਂ ਕਹਾਉਂਦੇ,
ਰਿਸ਼ਤਿਆਂ ਵਿੱਚ ਦਰਾੜ ਪੈ ਜਾਵੇ ਕੰਮ ਨਹੀਂ ਆਉਂਦੇ।

ਪਤੀ-ਪਤਨੀ ਜਿਹਾ ਰਿਸ਼ਤਾ ਨਹੀਂ ਜੇ ਸ਼ੱਕ ਨਾ ਕਰੀਏ,
ਸੁਖੀ ਜੀਵਨ, ਪਰਮਾਤਮਾ ਦੇ ਦਿੱਤੇ ਨਾਲ ਢਿੱਡ ਭਰੀਏ।

ਬੁਢਾਪਾ ਕਦੀ ਮਹਿਸੂਸ ਨਾ ਹੋਵੇ ਔਲਾਦ ਜੇ ਬਣੇ ਸਹਾਰਾ,
ਕੁਝ ਨੂੰ ਔਲਾਦ ਦੇ ਸੁਖ, ਕੁਝ ਹੁੰਦਿਆਂ ਵੀ ਬੇਸਹਾਰਾ।

ਕੁਝ ਐਸੇ, ਔਲਾਦ ਨੂੰ ਤਰਸਦੇ ਰਹਿ ਜਾਣ ਜੀਵਨ ਸਾਰਾ,
ਔਲਾਦ ਦੇ ਦੁਖ ਸੁਖ ਨਾ ਵੇਖੇ ਬਦਲ ਗਈ ਜੀਵਨ-ਧਾਰਾ।

ਦੋਸਤ ਦੋਸਤ ਨਹੀਂ ਜੋ ਮੁਸ਼ਕਿਲ ਵੇਲੇ ਕਦੀ ਕੰਮ ਨਾ ਆਵੇ,
ਕੀ ਵਿਸ਼ਵਾਸ ਕਰਨਾ ਬਣੀ ਮੁਸੀਬਤ ਤੇ ਮੂੰਹ ਮੋੜ ਜਾਵੇ।

ਦੁਨੀਆਂ ਵਿਚ ਰਿਸ਼ਤੇਦਾਰੀਆਂ ਦੀ ਭਾਵੇਂ ਕੋਈ ਥੋੜ ਨਹੀਂ,
ਰਿਸ਼ਤੇਦਾਰ ਰਿਸ਼ਤੇਦਾਰ ਦੇ ਕੰਮ ਆਉਂਦਾ ਕੋਈ ਹੋਰ ਨਹੀਂ।

ਧੀਆਂ-ਪੁੱਤਰ ਯਾਰ-ਦੋਸਤ ਰਿਸ਼ਤੇਦਾਰ ਕਿਸੇ ਨਹੀਂ ਨਾਲ ਜਾਣਾ,
ਕਿਉਂ ਝੂਰਦਾਂ, ਦੁਨੀਆਂ 'ਤੇ ਆ ਕੇ ਕਿਸਮਤ ਦਾ ਖੱਟਿਆ ਖਾਣਾ !

ਦੁਨੀਆਂ ਖੇਲ ਮਦਾਰੀ ਦਾ ਨਹੀਂ ਭਰੋਸਾ ਸੰਗ ਲਾਈ ਯਾਰੀ ਦਾ,
ਸੁਖੀ ਜੀਵਨ ਭਾਲ ਐਵੇਂ ਵਾਧੂ ਖਿਲਾਰਾ ਨਹੀਂ ਖਿਲਾਰੀ ਦਾ।



# ਭਿਖਾਰੀ ਦੀ ਦਾਸਤਾਂ

ਕੀ ਪੁੱਛਦੇ ਤੁਸੀਂ ਭਿਖਾਰੀ ਨੂੰ?
ਪੁੱਛੋ ਦਾਸਤਾਂ ਦੇ ਲਿਖਾਰੀ ਨੂੰ।

ਕੀ ਬੋਲੂ ਬੰਦ ਜ਼ਬਾਨ ਪਈ,
ਮਿੱਟੀ ਰੁਲਦੀ ਜਾਨ ਪਈ।

ਐਵੇਂ ਭੰਗ ਦੀ ਜੂਨੇ ਆਏ ਨੂੰ,
ਕੁਦਰਤ ਵੱਲੋਂ ਸਤਾਏ ਨੂੰ।

ਕੁਦਰਤ ਨੂੰ ਰਹਿੰਦਾ ਨੋਚਦਾ,
ਢਿੱਡੋਂ ਭੁੱਖਾ ਕੀ ਹਊ ਸੋਚਦਾ।

ਇਵੇਂ ਜ਼ਿੰਦਗੀ ਨੂੰ ਅੱਗੇ ਤੋਰਦਾ,
ਇਸ ਤੋਂ ਵੱਧ ਨਹੀਂ ਹੋਰ ਲੋੜਦਾ।

ਗਿਣਦਾ ਹੱਥਾਂ ਦੀਆਂ ਲਕੀਰਾਂ,
ਲੱਭੇ ਚੰਗੇ ਦਿਨਾਂ ਦੀਆਂ ਤਸਵੀਰਾਂ।

ਹਰ ਮੁਸ਼ਕਿਲ ਬਣ ਜਾਵੇ ਪਹਾੜ,
ਜੀਵਨ ਵਿੱਚ ਵਧਦੀ ਵੇਖ ਦਰਾੜ।

ਕਾਹਨੂੰ ਸਾਡੇ ਮਾੜੇ ਲਿਖ 'ਤੇ ਲੇਖ,
ਜ਼ਿੰਦਗੀ ਕਿਤੇ ਨੇੜੇ ਆ ਕੇ ਵੇਖ।

ਸਾਡੀ ਦੁਨੀਆਂ ਬਣਾਈ ਅਜੀਬ,
ਧੁਰੋਂ ਲਿਖ ਮਾੜੇ ਸਾਡੇ ਨਸੀਬ।

ਅਸੀਂ ਤੇਰੀ ਰਜ਼ਾ ਵਿੱਚ ਰਾਜ਼ੀ,
ਕੀ ਹੋਇਆ ਨਹੀਂ ਨਸੀਬ ਤਾਜ਼ੀ?

ਦੱਸ ਤੇਰਾ ਕੀ ਅਸੀਂ ਵਿਗਾੜਿਆ,
ਜੰਨਤ ਦਾ ਵਰਕਾ ਸਾਡਾ ਪਾੜਿਆ।

ਪਾਪੀ, ਪਾਪੀਆਂ ਤੋਂ ਵੱਧ ਰੋਲਿਆ,
ਵਿਤਕਰੇ ਦਾ ਭੇਦ ਨਾ ਖੋਲ੍ਹਿਆ।

ਤੂੰਹੀਂ ਦੱਸ ਸਾਡਾ ਕੀ ਕਸੂਰ ਲੱਭਦਾ,
ਸਾਨੂੰ ਛੱਡ ਕੇ ਖਿਆਲ ਰੱਖੇਂ ਸਭ ਦਾ।

ਦੁੱਖ ਜ਼ਿੰਦਗੀ ਦੇ ਲੱਗ ਗਏ ਭਾਰੇ,
ਵੱਸ ਨਾ ਚੱਲੇ ਸਭ ਪਾਸਿਉਂ ਹਾਰੇ।

ਕਿਸੇ ਨੂੰ ਬੀਜਣ ਲਈ ਨਹੀਂ ਥਾਂ,
ਕਿਸੇ ਦੀ ਬੀਜੀ ਨਾ ਉਗੇ ਗਿਰਾਂ।

ਦਾਤਿਆ ਤੂੰ ਕੈਸੀ ਬਣਤ ਬਣਾਈ,
ਅੱਜ ਤੱਕ ਕੋਈ ਸਮਝ ਨਾ ਆਈ।

ਉੱਜੜੇ ਬਾਗ਼ ਵੀ ਨਸੀਬ ਨਾ ਹੋਏ,
ਤਾਂ ਅਸੀਂ ਭੁੱਬਾਂ ਮਾਰ-ਮਾਰ ਕੇ ਰੋਏ।

ਤੈਨੂੰ ਦਰਦ ਨਹੀਂ ਕੋਈ ਸਾਡੇ ਨਾਲ,
ਸਾਰੇ ਜਗਤ ਦਾ ਤੂੰ ਰੱਖੇਂ ਖਿਆਲ।

ਸਾਨੂੰ ਕਿਉਂ ਕੀਤਾ ਅੱਖੋਂ ਉਹਲੇ,
ਤੇਰਾ ਇਨਸਾਫ਼ ਕਦੀ ਨਾ ਬੋਲੇ !

ਵਾਹ ਵਾਹ ਤੇਰੀਆਂ ਤੂੰਹੀਂ ਜਾਣੇ,
ਕੋਠੀ ਦਾਣੇ ਕਮਲੇ ਵੀ ਸਿਆਣੇ।

ਸਾਡੇ ਨਾਲ ਤੈਨੂੰ ਇਹੋ ਮਨਜ਼ੂਰ,
ਅਸੀਂ ਤੇਰੇ ਹਾਂ ਤੇਰੇ ਹਾਂ ਹਜ਼ੂਰ।



# ਸੁਖ ਅਤੇ ਸ਼ਾਂਤੀ

ਸੁਖ ਨਾਲ ਸ਼ਾਂਤੀ ਨਾ ਕਦੇ ਮਿਲੇ ਸੱਭ ਨੂੰ,
ਸ਼ਾਂਤੀ ਨਾਲ ਸੁਖ ਮਿਲੇ ਧਿਆਵੇ ਰੱਬ ਨੂੰ।

ਦੁਨਿਆਵੀ ਸੁਖ ਵਿਚ ਜੀਵ ਉਲਝ ਜਾਵੇ,
ਸੁਖਾਂ ਵਿੱਚ ਲੀਨ ਅੰਦਰੂਨੀ ਸ਼ਾਂਤੀ ਨਾ ਪਾਵੇ।

ਇਹ ਸ਼ਾਹੀ ਸਹੂਲਤਾਂ ਅਮੀਰਾਂ ਦਾ ਪਹਿਰਾਵਾ,
ਗ਼ਰੀਬ ਰੁੱਖੀ-ਮਿੱਸੀ ਖਾ ਕੇ ਨਾ ਕਰੇ ਵਿਖਾਵਾ।

ਸੁੱਖਾਂ ਦੇ ਪੰਘੂੜਿਆਂ ਵਿਚੋਂ ਸ਼ਾਂਤੀ ਦੁਰਲਭ ਮੇਲ,
ਜੀਵ ਹੋਵੇ ਹੱਕਦਾਰ ਤਾਂ ਪਰਮਾਤਮਾ ਦੇ ਖੇਲ।

ਸੁਖ-ਸ਼ਾਂਤੀ ਦੀ ਪ੍ਰਾਪਤੀ ਉਹਦੀ ਨਿਗ੍ਹਾ ਸਵੱਲੀ,
ਸੁਖ ਕਿਸੇ ਤੋਂ ਖੋਹਵੀਂ ਨਾ ਭਾਵੇਂ ਦੇਵੀ ਸ਼ਾਂਤੀ ਕਲੀ।

ਸ਼ਾਂਤੀ ਹੈ ਸੁਖ ਹੈ, ਸੁਖ ਨਾਲ ਸ਼ਾਂਤੀ ਇਕ ਸੋਚ,
ਇਹ ਸੋਚ ਮਨੁੱਖ ਨੂੰ ਅੰਦਰੋਂ-ਅੰਦਰ ਰਹੀ ਨੋਚ।

ਰੱਬਾ ਦੁੱਖ ਕਦੀ ਦੇਵੀਂ ਨਾ ਖੋਹ ਲਵੀਂ ਭਾਵੇਂ ਸੁਖ,
ਮੰਗਣ ਲੱਗਿਆਂ ਨਾ ਮਨੁੱਖ ਦੀ ਕਦੀ ਜਾਵੇ ਭੁੱਖ।

ਗੁਰੂਆਂ ਦੀ ਬਾਣੀ ਦੁਖ ਦਾਰੂ ਸੁਖ ਭਇਆ ਰੋਗ,
ਸੁਖ ਵਿੱਚ ਦੁਖ ਦੁਖ ਵਿੱਚ ਸੁਖ ਮਨੁੱਖ ਦੇ ਭੋਗ।

ਬਹੁਤ ਵਗਾਰ ਦੁੱਖ ਪਾਏ ਬਾਹਰ ਕੋ ਭਾਲਣ ਜਾਏ,
ਬਾਹਰਲੇ ਸੁਖਾਂ 'ਚੋਂ ਅੰਦਰੂਨੀ ਸ਼ਾਂਤੀ ਭਾਲ ਨਾ ਪਾਏ।

# ਗਿਆਨ ਦੀ ਖੋਜ

ਸੋਚ ਨੂੰ ਪਰ ਲੱਗ ਜਾਣ ਤਾਂ ਉਡਣ ਲੱਗ ਜਾਵੇ,
ਨਹੀਂ ਤਾਂ ਗਿਆਨ ਦੇ ਸਮੁੰਦਰ ਵਿੱਚ ਗ਼ੋਤੇ ਖਾਵੇ।

ਗਿਆਨ ਦੇ ਸਾਗਰ ਦਾ ਨਹੀਂ ਕੋਈ ਹੁੰਦਾ ਅੰਤ,
ਭਾਲਣ ਵਾਲੇ ਚਾਹੀਦੇ ਗਿਆਨ ਦੇ ਭੰਡਾਰੇ ਬੇਅੰਤ।

ਲੱਭਣ ਜਾਈਏ ਨਹੀਂ ਮਿਲਦੇ ਸੂਝਵਾਨ ਇਨਸਾਨ,
ਪਰ ਐਸੇ ਇਨਸਾਨਾਂ ਨਾਲ ਭਰਿਆ ਪਿਆ ਜਹਾਨ।

ਗੁਣੀ ਗਿਆਨੀ ਪੁਰਸ਼ਾਂ ਲਈ ਸੋਚ ਦੁੜਾਉਣੀ ਪੈਂਦੀ,
ਉਹਨਾਂ ਤੋਂ ਕੁਝ ਸਿੱਖਣ ਦੀ ਤਾਂਘ ਹੈ ਲੱਗੀ ਰਹਿੰਦੀ।

ਮਨੁੱਖ ਪੁਲਾੜ ਨਿਵਾਸ ਦੀਆਂ ਕਰ ਰਿਹਾ ਤਿਆਰੀਆਂ,
ਗਿਆਨ ਦੀ ਖੋਜ ਨੇ ਅੱਜ ਆਕਾਸ਼ੀਂ ਮੱਲਾਂ ਮਾਰੀਆਂ।

ਅਚੰਭੇ ਤੋਂ ਘੱਟ ਨਹੀਂ ਪਰਮਾਣੂ ਹੱਥਿਆਰਾਂ ਦੀ ਖੋਜ,
ਮਨੁੱਖਤਾ ਦਾ ਵਿਨਾਸ਼ ਕਰ ਸਕਦੀ ਮਨੁੱਖ ਦੀ ਸੋਚ।

ਮੈਡੀਕਲ ਸਾਇੰਸ ਦੀਆਂ ਪ੍ਰਾਪਤੀਆਂ ਵੀ ਨਹੀਂ ਘੱਟ,
ਮੈਡੀਕਲ ਚਕਿਤਸਾ ਦੀ ਗੱਲ ਮੂੰਹ ’ਤੇ ਆ ਜਾਵੇ ਝੱਟ।

ਗੱਲ ਕਿਸੇ ਵੀ ਖੇਤਰ ਦੀ ਕਰੀਏ ਖੋਜ ਨੇ ਮੱਲਾਂ ਮਾਰੀਆਂ,
ਰਸੋਈ ਤੋਂ ਲੈ ਕੇ ਖੇਤੀ ਤੱਕ ਸਾਇੰਸ ਦੀਆਂ ਖੇਡਾਂ ਸਾਰੀਆਂ।

ਮਨੁੱਖ ਦੇ ਦਿਮਾਗ਼ ਦੀਆਂ ਕਾਢਾਂ ਬਣਾ ਦਿੱਤਾ ਜੀਵਨ ਸੌਖਾ,
ਧਰਤੀ ਤੋਂ ਪੁਲਾੜ ਦੀ ਯਾਤਰਾ ਦਾ ਢੰਗ-ਤਰੀਕਾ ਅਨੋਖਾ।

ਮਨੁੱਖ ਦਾ, ਵਿਗਿਆਨ ਦੀ ਹੋਂਦ ਨੂੰ ਸਮਝਣਾ ਇਕ ਸੋਚ,
ਸੋਚ ਨੂੰ ਪਰਖ ਦੀ ਕਸਵੱਟੀ ’ਤੇ ਲਾਉਣਾ ਮਨੁੱਖ ਦੀ ਖੋਜ।



# ਬੇਸਹਾਰਾ

ਘਰ-ਬਾਰ ਪਰਵਾਰ ਨੇ ਮੱਲੇ,
ਬਾਪੂ ਰਹਿ ਗਏ ਕੱਲੇ ਦੇ ਕੱਲੇ।

ਜਿਨ੍ਹ ਪੈਦਾ ਕੀਤਾ ਰੱਖੇ ਖਿਆਲ,
ਉਹਦੀ ਦੁਨੀਆਂ ਬੜੀ ਵਿਸ਼ਾਲ।

ਉੱਪਰ ਵਾਲੇ ਜਿਹਨੂੰ ਕੀਤਾ ਪੈਦਾ,
ਰੱਖਿਆ ਕਰਨੀ ਉਹਦਾ ਵਾਇਦਾ।

ਧਨ-ਦੌਲਤ ਦਾ ਜੋ ਲਾਲਚ ਕਰਨ,
ਉਹਨਾਂ ਦੇ ਨਾਂ ਕਦੀ ਪੇਟ ਭਰਨ।

ਪਰਵਾਰ ਵਾਲਾ ਫਿਰੇ ਬੇਸਹਾਰਾ,
ਬਾਪੂ ਅੱਜ ਹੋ ਗਿਆ ਨਕਾਰਾ।

ਉਹ ਸਾਰੇ ਜਗਤ ਦਾ ਰਖਵਾਲਾ,
ਫਿਕਰ ਕਾਹਦਾ ਉਹੀ ਦੇਣ ਵਾਲਾ।

ਜਿਹਨਾਂ ਦਾ ਦੁਨੀਆਂ ’ਤੇ ਨਹੀਂ ਕੋਈ,
ਉਹਨਾਂ ਨੂੰ ਜੱਗ ’ਤੇ ਉਹੀ ਦੇਵੇ ਢੋਈ।

ਆਪਣਿਆਂ ਨੂੰ ਛੱਡ ਦੇਣ ਬੇਸਹਾਰਾ,
ਉੱਪਰ ਵਾਲਾ ਆਪੇ ਕਰੂ ਨਿਪਟਾਰਾ।

ਧੀਆਂ-ਪੁੱਤ ਅੱਜ ਹੋ ਗਏ ਪਰਾਏ,
ਕਹਿੰਦਾ ਇਹ ਵੀ ਦਿਨ ਵੇਖਣ ਨੂੰ ਆਏ।

ਕਿਸਮਤ ਇਕ ਐਸੇ ਮੋੜ ’ਤੇ ਲੈ ਆਈ,
ਧੀਆਂ-ਪੁੱਤ ਕੀ ਨਾ ਕੋਈ ਭੈਣ ਨਾ ਭਾਈ।

## ਸਾਂਝ ਦਿਲਾਂ ਦੀ

ਦੁੱਖੜੇ ਫੋਲਣ ਜੋਗੇ ਨਹੀਂ ਰਹੇ ਅੱਜ,
ਜੋ ਹੁੰਦੇ ਸੀ ਆਪਣੇ ਗਏ ਅੱਜ ਭੱਜ।

ਸਾਂਝ ਦਿਲਾਂ ਦੀ ਪਾਈ ਨਾ ਪੁੱਛ ਕੇ,
ਉਹੀ ਜਾਨਣ ਕਿਉਂ ਚਲੇ ਗਏ ਰੁਸਕੇ।

ਦਿਲ ਦੇ ਬਦਲੇ ਅਸੀਂ ਦਿੱਤਾ ਦਿਲ,
ਦਿਲਾਂ ਨੂੰ ਦਿਲ ਨਾ ਕਦੀ ਸਕੇ ਮਿਲ।

ਪਰਦੇ ਪਿੱਛੇ ਲੋਕ ਖੇਡਣ ਵਾਲੇ ਖੇਡ,
ਮਤਲਬ ਤੱਕ ਨਹੀਂ ਕੋਈ ਦਿੰਦੇ ਭੇਦ।

ਮਤਲਬ ਨਿਕਲਣ ’ਤੇ ਅੱਖਾਂ ਵਿਖਾਣ,
ਝੱਟਪੱਟ ਫਿਰ ਪੈਰਾਂ ਤੋਂ ਫਿਸਲ ਜਾਣ।

ਜਿਨ੍ਹਾਂ ਨੂੰ ਸਾਰ ਨਹੀਂ ਰਸਤੇ ਟੇਡਿਆਂ ਦੀ,
ਉਹਨਾਂ ਗਿਣਤੀ ਕੀ ਕਰਨੀ ਠੇਡਿਆਂ ਦੀ !

ਧਨ ਦੇ ਲਾਲਚ ਵਿਚ ਵੇਚ ਦੇਣ ਜ਼ਮੀਰ,
ਸੁਪਨੇ ਲੈਣ ਰਾਤੋ-ਰਾਤ ਬਣਨ ਦੇ ਅਮੀਰ।

ਆਪਣੀ ਹੈਸੀਅਤ ਤੋਂ ਵੱਧ ਪੈਰ ਪਸਾਰਨ,
ਇਕ ਸਮਾਜਿਕ ਵਿਖਾਵਾ ਨਾ ਕੁਝ ਸਵਾਰਨ।

ਸਾਰੀ ਜ਼ਿੰਦਗੀ ਮਨੁੱਖ ਦੀ ਦੌੜ ਨਹੀਂ ਮੁੱਕਦੀ,
ਸੌ ਘੜੀਆਂ ਵਰਗੀ ਇਕ ਜੋ ਹੁੰਦੀ ਦੁੱਖ ਦੀ।



## ਬਦਲਾਅ ਦੀ ਲੋੜ

ਤਰਸਯੋਗ ਬਣ ਚੁੱਕੀ ਹੈ ਅੱਜ ਹਾਲਤ ਪੰਜਾਬ ਦੀ,
ਗੁਰੂਆਂ ਦੀ ਧਰਤੀ ਪੰਜਾਂ ਦਰਿਆਵਾਂ ਦੇ ਆਬ ਦੀ।

ਸੋਨੇ ਦੀ ਚਿੜੀਆ ਪੰਜਾਬ ਅੱਜ ਹੋ ਗਿਆ ਕੰਗਾਲ,
ਨੌਜਵਾਨਾਂ ਨੂੰ ਆਵਾਜ਼ ਉਠੋ ਪੰਜਾਬ ਲਉ ਸੰਭਾਲ !

ਰਾਜਨੀਤੀ ਵਿਚ ਨਵੀਂ ਸੋਚ ਨਵਾਂ ਬਦਲਾਉ ਲਿਆਉ,
ਜ਼ਖ਼ਮੀ ਹੋਏ ਪੰਜਾਬ ਨੂੰ ਮਰਹਮ ਪੱਟੀ ਲਗਾ ਵਿਖਾਉ।

ਧਰਮ ਸਿਆਸਤ ਨੂੰ ਚਲਾਵੇ ਸਭ ਚੰਗੀ ਗੱਲ ਕਹਿੰਦੇ,
ਧਰਮ ਉਤੇ ਸਿਆਸਤ ਭਾਂਤ-ਭਾਂਤ ਦੀਆਂ ਗੱਲਾਂ ਕਹਿੰਦੇ।

ਧਰਮ ਦੇ ਨਾਂ ਤੇ ਸਿਆਸਤ ਨਹੀਂ ਚਲਾਉਣੀ ਚਾਹੀਦੀ,
ਨੇਤਾਵਾਂ ਨੂੰ ਕੰਮ-ਕਾਜ ਨਾਲ ਥਾਂ ਬਣਾਉਣੀ ਚਾਹੀਦੀ।

ਪੰਜਾਬ ਨੂੰ ਅਮਰੀਕਾ ਬਣਾਉਣ ਦੇ ਵਾਅਦੇ ਥੋਥੇ ਪੈ ਗਏ,
ਸਟੇਜਾਂ ਤੋਂ ਦਿੱਤੇ ਭਾਸ਼ਣ ਠੰਢੇ ਬਸਤੇ ਵਿਚ ਪੈ ਕੇ ਰਹਿ ਗਏ।

ਪਾਣੀ ਵਿਚ ਬੱਸਾਂ ਚਲਾਉਣ ਦੀ ਗੱਲ ਦੂਰ ਰਹਿ ਗਈ,
ਦੁਬਾਰਾ ਸਤ੍ਹਾ ਹਥਿਆਉਣ ਦੀ ਗੱਲ ਹੋਠਾਂ ’ਤੇ ਆ ਗਈ।

ਪੰਜਾਬ ਦੇ ਮਾੜੇ ਹਾਲਾਤਾਂ ਲਈ ਸਰਕਾਰ ਜ਼ੁੰਮੇਵਾਰ,
ਵਿਦਵਾਨਾਂ ਅਤੇ ਰਾਜਨੀਤਕ ਮਾਹਿਰਾਂ ਦਾ ਵਿਚਾਰ।

ਵੇਖੋ ਅੱਜ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਰੋਲ ’ਤੀ,
ਸਰਕਾਰ ਜੋ ਕਰਦੀ ਵੱਡੇ-ਵੱਡੇ ਦਾਹਵੇ ਪੋਲ ਖੋਲ੍ਹ ਤੀ।

ਡਰੱਗ ਨਾ ਡਿੱਗੇ ਅਸਮਾਨੋ ਨਾ ਲੱਗਣ ਮੰਡੀਆਂ,
ਡਰੱਗ ਮੱਲੀਆਂ ਸੜਕਾਂ ਗਲੀਆਂ ਪਗਡੰਡੀਆਂ।

ਕਰਜ਼ੇ ਖਾ ਲਈ ਕਿਸਾਨੀ ਨਸ਼ਿਆਂ ਖਾ ਲਈ ਜਵਾਨੀ,
ਨਸ਼ਾ ਹਰ ਮਾਂ-ਪਿਉ ਲਈ ਸਭ ਤੋਂ ਵੱਡੀ ਪਰੇਸ਼ਾਨੀ।

ਮੌਜੂਦਾ ਸਰਕਾਰ ਇਹਨਾਂ ਦੋਸ਼ਾਂ ਤੋਂ ਪੱਲਾ ਪਈ ਝਾੜੇ,
ਵਿਕਾਸ ਦੇ ਅੰਕੜੇ ਦਿਖਾ ਕੇ ਵੋਟਾਂ ਲਈ ਕੱਢੇ ਹਾੜੇ।



# ਜਿਉਂਦੀ ਲਾਸ਼

ਬਿਸਤਰੇ ’ਤੇ ਪਈ ਜੀਉਂਦੀ ਲਾਸ਼ ਗੱਲਾਂ ਕਰਦੀ,
ਕੀ ਮੈਂ ਠੀਕ ਹੋ ਜਾਊਂਗੀ ਕਹਿੰਦੀ ਡਰਦੀ ਡਰਦੀ।

ਮੈਂ ਚੁੱਪ ਜਿਹਾ ਹੋ ਗਿਆ ਤੱਕ ਮੰਜੇ ਤੇ ਪਈ ਲਾਸ਼,
ਹੱਡੀਆਂ ਦਾ ਪਿੰਜਰ ਜੀਅ ਰਿਹਾ ਲੈ ਕੇ ਕੋਈ ਆਸ।

ਨਾ ਪਤਾ ਆਉਣ ਦਾ ਨਾ ਜਾਣ ਦਾ ਪਤਾ ਕਿਸ ਸ਼ੈਅ ਦਾ,
ਬਸ ਜੇ ਪਤਾ ਹੈ ਤਾਂ ਪਤਾ ਇਕੋ ਮੌਤ ਦੇ ਭੈਅ ਦਾ।

ਪਤਾ ਨਹੀਂ ਇਹ ਲਬਾਂ ਤੇ ਆਈ ਜਿੰਦ ਕਦੋਂ ਮੁੱਕ ਜਾਵੇ,
ਰੱਬ ਦਾ ਲਾਇਆ ਬੂਟਾ ਅੱਖਾਂ ਸਾਹਮਣੇ ਸੁੱਕ ਜਾਵੇ।

ਆਸ ਨਾਲ ਜਹਾਨ ਕਿੱਥੇ ਲਟਕ ਰਹੀ ਇਹ ਜਾਨ,
ਕਦੀ-ਕਦੀ ਆਪਣਿਆਂ ਨੂੰ ਯਾਦ ਕਰਦੀ ਲਾ ਧਿਆਨ।

ਦਾਸਤਾਂ ਉਸ ਜਿੰਦ ਦੀ ਜੂਝ ਰਹੀ ਆਖਰੀ ਪਲਾਂ ਨਾਲ,
ਮੌਤ ਦਰ ’ਤੇ ਆ ਬੈਠੀ ਪਤਾ ਨਹੀਂ ਕਦੋਂ ਲੈ ਜਾਵੇ ਨਾਲ।

ਜਿੰਦ ਨਿਮਾਣੀ ਕੱਢੀਏ ਹੱਡਾਂ ਕੋ ਕੜਕਾਏ ਸਮਝ ਨਾ ਆਏ,
ਸਾਹੇ ਲਿਖੇ ਨਾ ਚਲਨੀ ਜਿੰਦੂ ਕੋ ਸਮਝਾਏ ਵਕਤ ਆ ਜਾਏ।

# ਨਵਾਂ ਸਾਲ ਜੀ ਆਇਆਂ

ਪੁਰਾਣੇ ਨੂੰ ਅਲਵਿਦਾ ਨਵੇਂ ਨੂੰ ਜੀ ਆਇਆਂ ਕਹੀਏ,
ਨਵੇਂ ਸਾਲ ਦੀਆਂ ਖ਼ੁਸ਼ੀਆਂ ਦਾ ਅੱਜ ਪ੍ਰਣ ਕਰ ਲਈਏ।

ਕੈਸੀ ਜ਼ਿੰਦਗੀ ਹੈ ਨਵੇਂ ਨੂੰ ਅਸੀਂ ਜੀ ਆਇਆਂ ਕਹਿੰਦੇ,
ਬੀਤ ਗਏ ਦੀ ਕਮੀ ਨੂੰ ਚੁੱਪ ਚੁਪੀਤੇ ਹੀ ਸਹਿ ਲੈਂਦੇ।

ਜ਼ਿੰਦਗੀ ਦਾ ਸਫ਼ਰ ਇਵੇਂ ਹੀ ਤੁਰੀ ਜਾਂਦਾ ਸਾਲੋ ਸਾਲ,
ਸਮਾਂ ਨਹੀਂ ਰੁਕਦਾ ਰੋਕਿਆਂ ਤੁਰਦਾ ਆਪਣੀ ਚਾਲ।

ਖ਼ੁਸ਼ੀਆਂ ਅਤੇ ਤੰਦਰੁਸਤੀ ਹਰ ਘਰ ਦਾ ਬਣੇ ਗਹਿਣਾ,
ਬੀਤੇ ਤੋਂ ਕੁਝ ਸਿੱਖ ਕੇ ਨਵੇਂ ਦੇ ਨਾਲ ਚੱਲਣਾ ਪੈਣਾ।

ਸ਼ੁਭ ਕਾਮਨਾਵਾਂ ਸਾਹਿਤ ਨਵਾਂ ਸਾਲ ਖ਼ੁਸ਼ੀਆਂ ਲੈ ਕੇ ਆਵੇ,
ਖ਼ੁਸ਼ਹਾਲੀ ਘਰ ਦੀਆਂ ਦਲੀਜ਼ਾਂ ਤੋਂ ਬਾਹਰ ਪੈਰ ਨਾ ਪਾਵੇ।

ਨਵੇਂ ਸਾਲ ਨੂੰ ਕਰੋ ਪ੍ਰਣਾਮ ਇਸ ਸਾਲ ਦੀ ਆਖਰੀ ਸ਼ਾਮ,
ਇਸ ਸਾਲ ਦੇ ਅਖੀਰਲੇ ਪਲ ਲਗਾਉ ਸਤਿਗੁਰ ਦੇ ਨਾਮ।

ਤਿੰਨ ਸੌ ਪੈਂਠ ਦਿਨਾਂ ਦਾ ਸਾਲ ਨਵਾਂ ਲੈ ਕੇ ਆਇਆ ਨਾਲ,
ਪੁਰਾਣੇ ਦੀਆਂ ਯਾਦਾਂ ਸਾਂਭ ਕੇ ਨਵੇਂ ਦਾ ਕਰੀਏ ਖਿਆਲ।

ਸਾਲ ਦਾ ਸਫ਼ਰ ਖ਼ਤਮ ਹੋ ਜਾਵੇ ਸਮਾਂ ਕਦੀ ਰੁਕਦਾ ਨਹੀਂ,
ਸਮਾਂ ਚੱਲੇ ਆਪਣੀ ਚਾਲ ਇਸਦਾ ਪੰਧ ਕਦੀ ਮੁਕਦਾ ਨਹੀਂ।

ਪੁਰਾਣੇ ਦੀਆਂ ਪ੍ਰਾਪਤੀਆਂ ਤੋਂ ਸੇਧ ਨਵੇਂ ਦੀਆਂ ਕਿਆਸਰਾਈਆਂ,
ਆਉ ਅੱਜ ਨਵੇਂ ਸਾਲ ਦੀਆਂ ਆਪਸ ਵਿਚ ਵੰਡ ਲਈਏ ਵਧਾਈਆਂ।



# ਕੈਸੀ ਆਜ਼ਾਦੀ !

ਕੈਸੀ ਸਾਨੂੰ ਮਿਲੀ ਆਜ਼ਾਦੀ,
ਤੁਰ ਪਏ ਰਾਹ ਬਰਬਾਦੀ!

ਵਾਧੂ ਫਿਰਕੂ ਦੰਗੇ ਫ਼ਸਾਦ,
ਕੀ ਅਸੀਂ ਅੱਜ ਹਾਂ ਅਜ਼ਾਦ?

ਰੋਟੀ ਕੱਪੜੇ ਪਿੱਛੇ ਭਟਕਦੇ,
ਢਿੱਡੋਂ ਭੁੱਖੇ ਸੜਕਾਂ 'ਤੇ ਲਟਕਦੇ।

ਜ਼ੋਰਾਵਰ ਦੀ ਅੱਜ ਗੱਲ ਸੁਣੀ ਦੀ,
ਸਰਕਾਰੇ-ਦਰਬਾਰੇ ਤਾਣੀ ਬੁਣੀ ਦੀ।

ਬੇਰੁਜ਼ਗਾਰ ਟੈਂਕੀਆਂ ਤੇ ਚੜਦੇ,
ਕਿਸਾਨ ਖੁਦਕੁਸ਼ੀਆਂ ਪਏ ਕਰਦੇ।

ਨਿੱਤ ਦਿਹਾੜੇ ਪਏ ਹੋਣ ਘੁਟਾਲੇ,
ਘੁੱਟ ਜਾਣ ਸਭ ਤਾਕਤ ਵਾਲੇ।

ਮਾੜੇ ਦੀ ਕੋਈ ਨਹੀਂ ਸੁਣਵਾਈ,
ਦੱਸੋ ਕੈਸੀ ਇਹ ਆਜ਼ਾਦੀ ਆਈ।

ਹਿੰਦੂ, ਮੁਸਲਮਾਨ ਸਿੱਖ ਲੜਾਏ,
ਸਭ ਦੇ ਦਿਲਾਂ ਵਿੱਚ ਪਾੜੇ ਪਾਏ।

ਰੀਤੀ ਰਿਵਾਜ਼ ਸਾਡੇ ਸਭ ਦੇ ਸਾਂਝੇ,
ਆਜ਼ਾਦੀ ਨੇ ਕਰ ਦਿੱਤੇ ਸਭ ਵਾਂਝੇ।

ਹਿੰਦੂ ਮੁਸਲਿਮ ਅਤੇ ਸਿੱਖ ਈਸਾਈ,
ਸੱਭੇ ਨਹੀਂ ਰਹੇ ਅੱਜ ਭਾਈ ਭਾਈ।

ਧੀ-ਭੈਣ ਦੀ ਇੱਜ਼ਤ ਦਾ ਨਹੀਂ ਭਰੋਸਾ,
ਮਾਰਨ ਲੱਗੇ ਨਾ ਵੇਖਣ ਹੋਵੇ ਬੇਦੋਸ਼ਾ।

ਗੁੰਡਾਗਰਦੀ ਦਾ ਨਾਚ ਵਿਖਾਉਂਦੇ,
ਬਚ ਨਾ ਸਕਣ ਜੋ ਰਾਹ ਵਿੱਚ ਆਉਂਦੇ।

ਲੋਕ ਰਾਜ ਦਾ ਇਹ ਕਰਨ ਵਿਖਾਵਾ,
ਤਰੱਕੀ ਦਾ ਇਹ ਕਰਨ ਪਏ ਦਾਹਵਾ।

ਖ਼ੁਸ਼ਹਾਲ ਜੀਵਨ ਦੀ ਗੱਲ ਇਹ ਕਰਦੇ,
ਚਾਰੇ ਪਾਸੇ ਅਰਾਜਕਤਾ ਲੋਕ ਡਰਦੇ।

ਪੱਤਰਕਾਰਾਂ ਦੀ ਜਾਨ ਮੁੱਠੀ ਵਿਚ,
ਝੂਠੇ ਅੰਕੜੇ ਛਾਪਣ ਦੀ ਪੈਂਦੀ ਖਿਚ।



# ਇਹਨੂੰ ਤੁਸੀਂ ਆਜ਼ਾਦੀ ਕਹਿੰਦੇ?

ਭਾਰਤ ਦੇਸ ਮਹਾਨ ਕੈਸੀ ਆਜ਼ਾਦੀ ਆਈ,
ਹਿੰਦੂਆਂ-ਮੁਸਲਮਾਨਾਂ ਸਿੱਖਾਂ ਵਿੱਚ ਫੁੱਟ ਪਾਈ,
ਇਕ ਦੂਜੇ ਦੀ ਅੱਜ ਇਹ ਗੱਲ ਨਹੀਂ ਸਹਿੰਦੇ,
ਅੱਜ ਇਹਨੂੰ ਤੁਸੀਂ ਆਜ਼ਾਦੀ ਕਹਿੰਦੇ?

ਰਾਜਾਂ ਨੂੰ ਵੱਧ ਅਧਿਕਾਰਾਂ ਦੀ ਚਿੰਤਾ ਖਾਵੇ,
ਟੈਕਸਾਂ ਦੀ ਵੰਡ ਦਾ ਮੁੱਦਾ ਹੱਥ ਆ ਜਾਵੇ,
ਰਾਜਾਂ ਪ੍ਰਤੀ ਵਿਤਕਰੇ ਦੀ ਗੱਲ ਜਿੱਥੇ ਆਵੇ,
ਸੂਬਿਆਂ ਨੂੰ ਵੀ ਆਪਣੇ ਹੱਕ ਮੰਗਣੇ ਪੈਂਦੇ,
ਅੱਜ ਇਹਨੂੰ ਤੁਸੀਂ ਆਜ਼ਾਦੀ ਕਹਿੰਦੇ?

ਕਾਲਾ ਧਨ ਵਿੱਚ ਵਿਦੇਸ਼ਾਂ ਜਮ੍ਹਾਂ ਕਰਵਾਉਣ,
ਵਾਪਸ ਲੈ ਆਵਾਂਗੇ ਲੋਕਾਂ ਅੱਗੇ ਰੌਲੀ ਪਾਉਣ,
ਢੁਕਵਾਂ ਕਾਨੂੰਨ ਬਣਾਉਣ ਤੋਂ ਕੰਨੀ ਕਤਰਾਉਣ,
ਲੋਕ ਪਾਲ ਦੇ ਨਾਂ 'ਤੇ ਆਪਸ ਵਿੱਚ ਭਿੜਦੇ ਰਹਿੰਦੇ,
ਇਹ ਅਵਸਥਾ ਇਹਨੂੰ ਤੁਸੀਂ ਆਜ਼ਾਦੀ ਕਹਿੰਦੇ?

ਭੁੱਖੇ ਨੰਗੇ ਲੋਕ ਗ਼ਰੀਬੀ ਦੇ ਮਾਰੇ ਸੜਕਾਂ ਤੇ ਸੌਂਉਂਦੇ,
ਅਮੀਰਾਂ ਦੇ ਕੁੱਤੇ ਵੀ ਸ਼ਾਹੀ ਕਾਰਾਂ ਵਿੱਚ ਫਿਰ ਆਉਂਦੇ,
ਉਹ ਵੀ ਇਨਸਾਨ ਜੋ ਮੀਂਹ ਹਨੇਰੀ ਪਿੰਡੇ 'ਤੇ ਸਹਿੰਦੇ,
ਇਹਨੂੰ ਤੁਸੀਂ ਅੱਜ ਆਜ਼ਾਦੀ ਕਹਿੰਦੇ?

ਨਹੀਂ ਕਿਸੇ ਨੇ ਕਦੀ ਸੋਚਿਆ ਉਹਨਾਂ ਸ਼ਹੀਦਾਂ ਬਾਰੇ,
ਮਾਣ-ਸਤਿਕਾਰ ਨਾ ਮਿਲਿਆ ਸਰਕਾਰੇ-ਦਰਬਾਰੇ,
ਸਰਕਾਰਾਂ ਅੱਜ ਤਕ ਲਾਉਂਦੀਆਂ ਰਹੀਆਂ ਲਾਰੇ,
ਸ਼ਹੀਦਾਂ ਦੀਆਂ ਯਾਦਗਾਰਾਂ ਦੀ ਸਾਰ ਨਾ ਲੈਂਦੇ,
ਦਿਨ-ਦਿਹਾੜੇ ਬਲਾਤਕਾਰ ਜਿਥੇ ਅੱਜ ਹੁੰਦੇ ਰਹਿੰਦੇ,
ਕੀ ਅੱਜ ਇਹਨੂੰ ਤੁਸੀਂ ਆਜ਼ਾਦੀ ਕਹਿੰਦੇ।

ਸਮਾਜਿਕ ਅਰਾਜਕਤਾ ਅਜ ਚਾਰ-ਚੁਫੇਰੇ,
ਮਾੜੇ ਦੀ ਨਾ ਪੁੱਛ ਤਕੜੇ ਦੇ ਗਾਹਕ ਬਥੇਰੇ,
ਤਕੜੇ ਦਾ ਸੱਤੀਂ ਵੀਹੀਂ ਸੌ ਮਾੜੇ ਦੇ ਗਲ ਪੈਂਦੇ,
ਅੱਜ ਇਹਨੂੰ ਤੁਸੀਂ ਆਜ਼ਾਦੀ ਕਹਿੰਦੇ?



# ਸ਼ਹੀਦਾਂ ਦੀ ਸੋਚ ਹੋਰ

ਸ਼ਹੀਦਾਂ ਵਤਨ ਦੇ ਸੁੱਤੇ ਪਏ ਲੋਕਾਂ ਨੂੰ ਜਗਾਇਆ,
ਆਜ਼ਾਦੀ ਦਾ ਮੂੰਹ ਵੇਖਣ ਲਈ ਨਾਲ ਰਲਾਇਆ।

ਕਈ ਭਾਰਤ ਮਾਂ ਦੇ ਲਾਲ ਫਾਂਸੀ 'ਤੇ ਚਾੜ੍ਹੇ ਗਏ,
ਹਜ਼ਾਰਾਂ ਜਲਸਿਆਂ ਜਲੂਸਾਂ ਵਿੱਚ ਮਾਰੇ ਗਏ।

ਵੰਡ ਵੇਲੇ ਕੁਝ ਮਾਰੇ ਗਏ ਕੁਝ ਵਿੱਛੜ ਗਏ,
ਭਟਕਦੇ ਕੁਝ ਮਾਸੂਮ ਜਾਨਾਂ ਲੈ ਉੱਜੜ ਗਏ।

ਤਸੀਹੇ ਝੱਲ ਆਜ਼ਾਦੀ ਅਸੀਂ ਪ੍ਰਾਪਤ ਕੀਤੀ,
ਸਭ ਭੁੱਲ ਗਏ ਅੱਜ ਸ਼ਹੀਦਾਂ ਨਾਲ ਜੋ ਬੀਤੀ।

ਸ਼ਹੀਦਾਂ ਦੇ ਸੁਪਨਿਆਂ ਦਾ ਇਹਨਾਂ ਕੀਤਾ ਘਾਣ,
ਆਪ ਅੱਜ ਪੂਰਾ ਰਹੇ ਆਜ਼ਾਦੀ ਦਾ ਆਨੰਦ ਮਾਣ।

ਜਦੋਂ ਵਾੜ ਖੇਤ ਨੂੰ ਖਾਵੇ ਕੀ ਬਣੂ ਉਸ ਖੇਤ ਦਾ,
ਸਾਡਾ ਭਾਰਤ ਮਹਾਨ ਕੀ ਬਣੂ ਭਾਰਤ ਦੇਸ਼ ਦਾ?

ਰੁਜ਼ਗਾਰ ਦੀ ਖ਼ਾਤਰ ਅੱਜ ਲੋਕ ਭੱਜਣ ਬਾਹਰ ਨੂੰ,
ਨਮੋਸ਼ੀ ਤੋਂ ਘੱਟ ਨਹੀਂ ਸਾਡੀ ਭਾਰਤ ਸਰਕਾਰ ਨੂੰ।

ਲੱਭਣ ਦੂਤ ਘਰਾਂ ਅੱਗੇ ਨਿਤ ਲੰਮੀਆਂ ਕਤਾਰਾਂ,
ਪੜ੍ਹੇ ਲਿਖਿਆ ਨੂੰ ਦਬੋਚ ਲੈਣ ਵਿਦੇਸ਼ੀ ਸਰਕਾਰਾਂ।

ਇਸ ਬਰੇਨ ਡਰੇਨ ਨੂੰ ਕੀ ਤੁਸੀਂ ਨਾਮ ਫਿਰ ਦਿੰਦੇ,
ਸਿੱਖਿਆ ਦੇ ਇਸ ਢਾਂਚੇ ਨੂੰ ਤੁਸੀਂ ਆਜ਼ਾਦੀ ਕਹਿੰਦੇ।

ਥਾਂ-ਥਾਂ ਧਰਮ ਗ੍ਰੰਥਾਂ ਦੀ ਨਿੱਤ ਬੇਇੱਜ਼ਤੀ ਕਰਵਾਉਂਦੇ,
ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਠ ਪੁਚਾਉਂਦੇ।

ਨਸ਼ਿਆਂ ਦਾ ਕਰਨ ਵਪਾਰ ਬਾਡਰੋਂ ਪਾਰ ਦੋਸ਼ ਲਾਉਂਦੇ,
ਗਲੀਆਂ ਸੜਕਾਂ 'ਤੇ ਵਿਕਦਾ ਘਰ-ਘਰ ਪੁਚਾਉਂਦੇ।

ਕਰਜ਼ਿਆਂ ਕਿਸਾਨੀ, ਨਸ਼ਿਆਂ ਗਾਲ ਦਿੱਤੀ ਜਵਾਨੀ,
ਬੀਜ ਨਾਸ਼ ਕਰਨ 'ਤੇ ਤੁਲੇ ਨਹੀਂ ਰਹਿਣ ਦੇਣੀ ਨਿਸ਼ਾਨੀ।

ਜਿਸ ਮੁਲਕ ਦੇ ਅਸੀਂ ਚੰਗੇ ਨਾਗਰਿਕ ਬਣ ਕੇ ਰਹੀਏ,
ਐਸੇ ਹਾਲਾਤ ਵਿੱਚ ਕੀ ਇਹਨੂੰ ਅਸੀਂ ਆਜ਼ਾਦੀ ਕਹੀਏ?



# ਭਾਰਤ ਦੇਸ਼ ਦਾ ਭਵਿੱਖ

ਕੁਝ ਕਹਿੰਦੇ ਉਜਲਾ ਭਵਿੱਖ ਭਾਰਤ ਦੇਸ਼ ਦਾ,
ਜਿਥੇ ਵਾੜ ਖੇਤ ਨੂੰ ਖਾਵੇ ਕੀ ਬਣੂ ਉਸ ਖੇਤ ਦਾ?

ਸਰਕਾਰਾਂ ਝੂਠੇ ਵਾਇਦੇ ਕਰਦੀਆਂ ਸਭ ਕਹਿਣ ਨੂੰ,
ਹਾਲਾਤ ਐਸੇ ਲੋਕ ਡਰਦੇ ਭਾਰਤ ਵਿੱਚ ਰਹਿਣ ਨੂੰ।

ਮੈਂ ਨਹੀਂ ਬੋਲਦਾ ਸਾਡੇ ਭਾਰਤ ਦੀ ਤਸਵੀਰ ਬੋਲਦੀ,
ਨਿੱਤ ਨਵੇਂ ਘੁਟਾਲੇ ਸਰਕਾਰਾਂ ਦੇ ਪਾਜ ਇਹ ਖੋਲ੍ਹਦੀ।

ਥਾਂ-ਥਾਂ ਧਰਮ-ਗ੍ਰੰਥਾਂ ਦੀ ਇਹ ਬੇਇਜ਼ਤੀ ਕਰਵਾਉਣ,
ਨਿਰਦੋਸ਼ਿਆ ਨੂੰ ਫੜ ਕਾਰਗੁਜ਼ਾਰੀ ਵਿਖਾਉਣ।

ਰਾਜਗੁਰੂ ਸੁਖਦੇਵ ਭਗਤ ਸਿੰਘ ਦੇ ਸਪਨੇ ਹੋਰ,
ਉਹਨਾਂ ਦੀ ਸੋਚ ਨੂੰ ਅੱਜ ਦੁਹਰਾਉਣ ਦੀ ਲੋੜ।

ਆਜ਼ਾਦ ਹੁੰਦਿਆਂ ਵੀ ਨਹੀਂ ਅਸੀਂ ਅੱਜ ਆਜ਼ਾਦ,
ਕੈਸੀ ਆਜ਼ਾਦੀ ਅੱਜ ਥਾਂ-ਥਾਂ ਹੋਣ ਦੰਗੇ ਫ਼ਸਾਦ?

ਜਮਹੂਰੀ ਹੱਕਾਂ 'ਤੇ ਹਮਲੇ ਇਕ ਆਮ ਜਿਹੀ ਗੱਲ,
ਬੇਰੁਜ਼ਗਾਰੀ ਤੇ ਆਰਥਕ ਮੰਦਹਾਲੀ ਦਾ ਨਹੀਂ ਹੱਲ।

ਚਾਰੇ ਪਾਸੇ ਅਰਾਜਕਤਾ ਤਕੜੇ ਦਾ ਸੱਤੀਂ ਵੀਹੀਂ ਸੌ,
ਐਸੇ ਹਾਲਾਤ ਮਾੜਾ ਜਾਵੇ ਪੀਸਿਆ ਤਕੜਾ ਨੌਂ ਬਰ ਨੌਂ।

ਕਾਨੂੰਨ ਨਾ ਕਿਤੇ ਦੇਵੇ ਵਿਖਾਈ ਧੱਕੇਸ਼ਾਹੀ ਬੇਵਸਾਹੀ,
ਝੂਠੇ ਕਰਨ ਮੁਕਾਬਲੇ ਮਾਰਨ ਮੁਸਲਿਮ ਸਿੱਖ ਈਸਾਈ।

ਮਹਿੰਗਾਈ ਗ਼ਰੀਬੀ ਦੋਵਾਂ ਸਮਾਜ ਅੰਦਰ ਪੈਰ ਪਸਾਰੇ,
ਅਮੀਰਾਂ ਦੀਆਂ ਸਰਕਾਰਾਂ ਅਮੀਰਾਂ ਦੇ ਵਾਰੇ-ਨਿਆਰੇ।

ਦੇਸ ਦਾ ਅੰਨ-ਦਾਤਾ ਕਿਸਾਨ ਵੀ ਦੁਖੀ ਅਤੇ ਕਰਜਾਈ,
ਖੇਤੀ ਛੱਡ ਨਹੀਂ ਸਕਦਾ ਕਰਜ਼ੇ 'ਤੇ ਕਰਜ਼ਾ ਜਾਵੇ ਚੜ੍ਹਾਈ।

ਮੰਦਹਾਲੀ ਨੇ ਹਰੇਕ ਵਰਗ ਦਾ ਜਿਉਣਾ ਕੀਤਾ ਮੁਹਾਲ,
ਮੁੰਡੇ-ਕੁੜੀਆਂ ਵਿਦੇਸ਼ਾਂ ਨੂੰ ਭੱਜਣ ਇਹ ਏਥੋਂ ਦਾ ਹਾਲ।



# ਢਿੱਡੋਂ ਭੁੱਖੇ

ਢਿੱਡੋਂ ਭੁੱਖੇ ਸਿਰ 'ਤੇ ਛੱਤ ਨਹੀਂ ਜਿੰਦ ਕੁਰਬਲ-ਕੁਰਬਲ ਕਰਦੀ,
ਮੰਦਰ, ਮਸਜਿਦ, ਗੁਰਦਵਾਰੇ ਸੋਨੇ ਦੇ ਖ਼ਲਕਤ ਭੁੱਖੀ ਮਰਦੀ।

ਬੇਹੱਦ ਸੁੰਦਰ ਮੁਨਾਰੇ ਰੋਜ਼ਾਨਾ ਜੀਵਨ ਵਿੱਚ ਬਣਾਈ ਜਾਂਦੇ ਹਾਂ,
ਕਿੰਨੇ ਹੀ ਅੱਲਾਂ ਦੇ ਬਣਾਏ ਹੋਏ ਮੁਨਾਰੇ ਰੋਜ਼ਾਨਾ ਢਾਹੀ ਜਾਂਦੇ ਹਾਂ।

ਆਪਣੀ ਬਣਾਈ ਹੋਈ ਚੀਜ਼ ਦੀ ਮਨ ਲਾ ਕੇ ਸੰਭਾਲ਼ ਕਰਦੇ ਹਾਂ,
ਕਦੀ ਸੋਚਿਆ 'ਹਰਿਮੰਦਰ ਇਹ ਸਰੀਰ' ਦਾ ਕੀ ਹਾਲ ਕਰਦੇ ਹਾਂ।

ਦੱਬ ਕੇ ਵਾਹ ਤੇ ਰੱਜ ਕੇ ਖਾਹ ਹਮੇਸ਼ਾਂ ਨੇਕ ਕਮਾਈ ਦੇ ਜਾ ਰਾਹ,
ਦਿਨ-ਰਾਤ ਸ਼ੁਹਰਤ ਦੇ ਜੋ ਭੁੱਖੇ ਨਾ ਕਦੀ ਕਰਨ ਇਹਦੀ ਪ੍ਰਵਾਹ।

ਸੁੰਦਰ ਮੁਨਾਰਿਆਂ ਦੇ ਸਿਰਾਂ 'ਤੇ ਪਲਣ ਵਾਲੇ ਰੱਬ ਦੇ ਗੁਨਾਹਗਾਰ,
ਦਰਵੇਸ਼ ਦੀ ਕਚਿਹਰੀ ਵਿੱਚ ਕਿਸੇ ਨਹੀਂ ਲੈਣੀ ਉਹਨਾਂ ਦੀ ਸਾਰ।

ਜ਼ਿੰਦਗੀ ਨੂੰ ਚਲਾਉਣ ਲਈ ਮਨੁੱਖ ਗੁਨਾਹਾਂ ਦੀ ਆੜ ਲੈਂਦਾ,
ਗੁਨਾਹਾਂ ਨੂੰ ਛੁਪਾਉਣ ਲਈ ਗੁਰਦਵਾਰੇ, ਮੰਦਰ, ਮਸਜਿਦ ਜਾਂਦਾ।

ਗ਼ਰੀਬ, ਅਪਾਹਜ ਦੀ ਸਾਰ ਨਹੀਂ ਧਾਰਮਿਕ ਸਥਾਨਾਂ ਨੂੰ ਪੂਜਦੇ,
ਉਹ ਵੀ ਮਨੁੱਖ ਜੋ ਆਪਣੇ ਜੀਵਨ ਦੀਆਂ ਜ਼ਰੂਰਤਾਂ ਨਾਲ ਜੂਝਦੇ।

ਇਸ ਗੱਲ ਦੀ ਪਰਵਾਹ ਸਾਡੇ ਮੰਦਰ ਮਸਜਿਦ ਵੀ ਨਹੀਂ ਕਰਦੇ,
ਗ਼ਰੀਬ ਗੁਰਬੇ ਦੀ ਮਦਦ ਛੱਡੋ ਸ਼ੁਹਰਤ ਲਈ ਰਹਿੰਦੇ ਲੜਦੇ।

ਆਉ ਆਪਣੀ ਸੋਚ ਨੂੰ ਬਦਲੀਏ ਮਨੁੱਖਤਾ ਦੇ ਭਲੇ ਬਾਰੇ ਸੋਚੀਏ,
ਮੰਦਰ ਮਸਜਿਦਾਂ ਤੋਂ ਉੱਪਰ ਉਠ ਗ਼ਰੀਬ ਲੋਕਾਂ ਬਾਰੇ ਵੀ ਲੋਚੀਏ।

ਭੁੱਖੇ ਨੂੰ ਖਵਾਉਣਾ, ਨੰਗੇ ਦਾ ਤਨ ਢੱਕਣਾ, ਆਪਾਹਜ ਨੂੰ ਸਹਾਰਾ,
ਭਗਤ ਪੂਰਨ ਸਿੰਘ ਨੇ ਮਨੁੱਖਤਾ ਲਈ ਜੀਵਨ ਲਾ ਦਿੱਤਾ ਸਾਰਾ।

ਇਹੋ ਜਿਹੇ ਸਮਾਜਕ ਸੇਵਕਾਂ ਤੋਂ ਅੱਜ ਸਾਨੂੰ ਕੁਝ ਸਿੱਖਣ ਦੀ ਲੋੜ,
ਧਾਰਮਿਕ ਸਥਾਨਾਂ ਦੀ ਸ਼ੁਹਰਤ ਛੱਡ ਕੇ ਕੁਝ ਕਰ ਵਿਖਾਈਏ ਹੋਰ।

# ਅੰਧਾ ਬਹਿਰਾ ਕਾਨੂੰਨ

ਦਿਨ-ਦਿਹਾੜੇ ਡਕੈਤੀਆਂ ਇਕ ਆਮ ਜਿਹੀ ਗੱਲ,
ਅੰਧੇ ਕਾਨੂੰਨ ਦੀ ਚਾਲ ਇਸ਼ਾਰਾ ਕਰੇ ਬੇਦੋਸ਼ਾਂ ਵੱਲ।

ਅਖ਼ਬਾਰਾਂ ਦੀਆਂ ਸੁਰਖੀਆਂ ਤੇ ਨਿੱਤ ਨਵੇਂ ਘੁਟਾਲੇ,
ਕਾਨੂੰਨ ਦੀਆਂ ਅੱਖਾਂ ਬੰਦ ਜਿੱਤ ਜਾਣ ਤਾਕਤ ਵਾਲੇ।

ਮੁਾਤੜ ਕਰੇ ਉਲੰਘਣਾ ਕਾਨੂੰਨ ਦੀਆਂ ਬਾਹਾਂ ਲੰਮੀਆਂ,
ਤਾਕਤਵਰ ਕਾਨੂੰਨ ਹੜੱਪਣ ਕਰਕੇ ਬਾਹਾਂ ਲੰਮੀਆਂ।

ਸੂਰਜ ਕਦੀ ਦਿਖਾਈ ਨਾ ਦੇਵੇ ਕੰਮੀਆਂ ਦੇ ਵਿਹੜੇ,
ਕਾਨੂੰਨ ਨਾ ਕਰੇ ਰਾਖੀ ਰੁੱਖੀ-ਮਿੱਸੀ ਖਾ ਕੇ ਸੌਂਦੇ ਜਿਹੜੇ।

ਦਿਨ-ਦਿਹਾੜੇ ਔਰਤਾਂ ਦੀ ਪੱਤ ਸ਼ਰੇਆਮ ਲੁੱਟੀ ਜਾਂਦੀ,
ਕਾਨੂੰਨ ਚੁਪ ਹੋ ਜਾਵੇ ਮੀਰਜਾਦਿਆਂ ਦੀ ਗੱਲ ਆਉਂਦੀ।

ਮਾੜੇ 'ਤੇ ਤਕੜਾ ਕਰੇ ਅੱਤਿਆਚਾਰ ਤਾਂ ਕਾਨੂੰਨ ਬਹਿਰਾ,
ਤਾਕਤਵਰਾਂ ਦੀਆਂ ਕੋਠੀਆਂ 'ਤੇ ਕਾਨੂੰਨ ਦੇ ਰਿਹਾ ਪਹਿਰਾ।

ਗ਼ਰੀਬ ਦੁਰਘਟਨਾ ਦਾ ਸ਼ਿਕਾਰ ਹੋਵੇ ਕਾਨੂੰਨ ਲੰਗੜਾ,
ਮੁੱਠੀ ਭਰ ਲੋਕਾਂ ਦੇ ਫੰਕਸ਼ਨਾਂ ਵਿਚ ਕਾਨੂੰਨ ਪਾਵੇ ਭੰਗੜਾ।

ਅਦਾਲਤਾਂ ਪਾਸੋਂ ਲੋਕ ਜਦੋਂ ਇਨਸਾਫ਼ ਦੀ ਕਰਦੇ ਮੰਗ,
ਪੈਸੇ ਵਾਲੇ ਜਿੱਤ ਜਾਂਦੇ ਵਰਤ ਕੇ ਆਪਣੇ ਤੌਰ-ਤਰੀਕੇ ਢੰਗ।

ਦਫ਼ਤਰਾਂ ਵਿਚ ਕੰਮ ਨਹੀਂ ਹੁੰਦਾ ਮੁੱਠੀ ਗਰਮ ਨਾ ਕਰੀਏ,
ਰੋਜ਼ਾਨਾਂ ਲਾਰਾ ਬੁੱਤਾ ਲਾਈ ਰੱਖਣ ਜੇਕਰ ਜੇਬ ਨਾ ਭਰੀਏ।

ਥੱਲੇ ਉੱਤੇ ਹਰ ਖੇਤਰ ਵਿਚ ਰਿਸਵਤਖੋਰੀ ਦਾ ਬੋਲਬਾਲਾ,
ਸਰਕਾਰੀ ਸੰਪਤੀ ਗਿਰਵੀ ਰੱਖ ਕੱਢਿਆ ਪਿਆ ਦਿਵਾਲਾ।



ਕਾਨੂੰਨ ਦੀਆਂ ਅੱਖਾਂ ਖੋਲ੍ਹਣ ਲਈ ਰਿਸ਼ਵਤ ਦੇਣੀ ਪੈਂਦੀ,
ਦਫ਼ਤਰ ਵਿਚ ਲੱਗੀ ਫਾਈਲ ਨਹੀਂ ਤਾਂ ਉਥੇ ਪਈ ਰਹਿੰਦੀ।

ਫਾਈਲ ਨੂੰ ਪਰ ਲੱਗ ਜਾਂਦੇ ਜਦੋਂ ਮੁੱਠੀ ਗਰਮ ਕਰ ਦਈਏ,
ਕੁੰਭ ਕਰਨ ਦੀ ਨੀਂਦੇ ਸੌਂ ਜਾਵੇ ਲੱਖ ਸ਼ਿਫਾਰਸ਼ਾਂ ਪਾ ਲਈਏ।

ਕਾਲੇ ਧਨ ਨੂੰ ਕੱਢਣ ਲਈ ਨੋਟਬੰਦੀ ਦਾ ਲਿਆ ਸਹਾਰਾ,
ਲੋਕ ਹੋਰ ਪ੍ਰੇਸ਼ਾਨ ਸੁਣਕੇ ਕੈਸ਼ਰਹਿਤ ਭਾਰਤ ਦਾ ਨਾਹਰਾ।

ਨੋਟਬੰਦੀ ਵਾਲਾ ਕਾਨੂੰਨ ਆਮ ਲੋਕਾਂ ਤੇ ਬਣ ਗਿਆ ਭਾਰੀ,
ਅਮੀਰਾਂ ਨੇ ਕਾਲੇ ਧਨ ਦੀ ਰਾਸ਼ੀ ਕਰ ਲਈ ਚਿੱਟੀ ਸਾਰੀ।

ਕਾਨੂੰਨ ਬਹਿਰਾ ਹੋਵੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਕੌਣ ਸੁਣੇ,
ਕਾਨੂੰਨ ਅੰਧਾ, ਲੰਗੜਾ ਜਾਨ ਮਾਲ ਦੀ ਰਾਖੀ ਕੀਹਦੇ ਗੁਣੇ?

# ਕਰੋਧ ਵਿਰੋਧ

ਕਰੋਧ ਦੀਏ ਭੁੱਖੀਏ ਸੁਭਾਅ ਦੀਏ ਰੁੱਖੀਏ।
ਕਿਉਂ ਸੂਰਜ ਨੂੰ ਗ੍ਰਹਿਣ ਲਾਈ ਬੈਠੀ ਆਂ,
ਐਵੇਂ ਹਰ ਇਕ ਦੀ ਕਰੀ ਜਾਂਦੀ ਹੇਠੀ ਆਂ।

ਨਾ ਬੋਲੇਂ ਸੋਚ ਕੇ ਕੁੜੱਤਣ ਘੋਲੀ ਜਾਂਦੀ ਆਂ,
ਨਾ ਵੇਖੇਂ ਵੱਡਾ-ਛੋਟਾ ਵਾਧੂ ਬੋਲੀ ਜਾਂਦੀ ਆਂ।

ਆਪੇ ਤੋਂ ਬਾਹਰ ਕਮਲੀ ਹੋਈ ਫਿਰਦੀ ਆਂ,
ਐਵੇਂ ਭੂੰਡਾਂ ਦੀ ਖੱਖਰ ਵਾਂਗ ਸਿੜਦੀ ਆਂ।

ਛੋਟੀ ਜਿਹੀ ਗੱਲ ਬਤੰਗੜ ਬਣਾ ਲੈਂਦੀ ਆਂ,
ਕੋਈ ਕਹਿ ਦੇਵੇ ਤਾਂ ਗੱਲ ਨਹੀਂ ਸਹਿੰਦੀ ਆਂ।

ਆਪਣੇ ਆਪ ਲਾਲ-ਪੀਲੀ ਹੋਈ ਜਾਂਦੀ ਆਂ,
ਘਰ ਆਏ ਮਹਿਮਾਨਾਂ ਦਾ ਭੈ ਨਾ ਖਾਂਦੀ ਆਂ।

ਇਸ ਮੌਕੇ ਗੱਲਾਂ ਨੇ ਸੁਭਾਵਿਕ ਪਏ ਕਰਦੇ,
ਤੇਰਾ ਨਾ ਕੋਈ ਤਕੀਆ ਕਲਾਮ ਪਏ ਪੜਦੇ।

ਕਿਉਂ ਬੱਚਿਆਂ ਨੂੰ ਘੂਰ-ਘੂਰ ਤੱਕਦੀ ਆਂ,
ਮੂੰਹੋਂ ਗੱਲ ਕੱਢਣ ਲੱਗੀ ਨਾ ਝਕਦੀ ਆਂ।

ਅਕਲ ਨੂੰ ਹੱਥ ਮਾਰ ਗੱਲ ਅਕਲ ਦੀ ਕਰ,
ਧੀਆਂ-ਪੁੱਤ ਹੋਏ ਜਵਾਨ ਥੋੜ੍ਹਾ-ਬਹੁਤਾ ਡਰ।



# ਕੀ ਹੈ ਨਵਾਂ ਸਾਲ

ਆਉ ਕਰੀਏ ਜ਼ਰਾ ਖਿਆਲ, ਕੀ ਹੈ ਨਵਾਂ ਸਾਲ,
ਮੈਨੂੰ ਕਿਉਂ ਬਾਰ-ਬਾਰ ਕੋਸ ਰਿਹਾ ਇਕ ਸਵਾਲ?

ਕਹਿੰਦੇ ਮੁਬਾਰਕ ਹੋਵੇ ਸਭ ਨੂੰ ਇਹ ਸਾਲ ਨਵਾਂ,
ਸਾਰਿਆਂ ਵਾਂਗ ਕਹਿਣ ਤੋਂ ਮੈਂ ਪਿੱਛੇ ਕਿਉਂ ਰਵ੍ਹਾਂ?

ਤੰਦਰੁਸਤੀ ਘਰ ਦੀ ਦਹਿਲੀਜ਼ ਤੋਂ ਬਾਹਰ ਨਾ ਜਾਵੇ,
ਸੱਚ ਉਹੀ ਘੜੀ ਸੁਲੱਖਣੀ ਜੋ ਸ਼ਹੁ ਨਾਲ ਵਿਹਾਵੇ।

ਆਓ ਰਲ ਕਰੀਏ ਸ਼ੁਕਰਾਨਾ ਉਸ ਸੱਚੇ ਰੱਬ ਦਾ,
ਜਿਸ ਦੁਨੀਆਂ ’ਤੇ ਭੇਜਿਆ ਖਿਆਲ ਰੱਖੇ ਸਭ ਦਾ।

ਮੇਰੀ ਸੋਚ ਅਤੇ ਖਿਆਲ ਦੋਵੇਂ ਚਲ ਰਹੇ ਨਾਲ-ਨਾਲ,
ਪਤਾ ਨਹੀਂ ਕਿ ਕੋਈ ਸਹਿਮਤ ਹੈ ਮੇਰੇ ਖਿਆਲ ਨਾਲ।

ਸਭ ਕੋਈ ਕਹਿੰਦਾ ਨਵਾਂ ਸਾਲ ਮੁਬਾਰਕ ਹੋਵੇ,
ਸੋਚਣ ਵਾਲੀ ਗੱਲ ਜ਼ਰੂਰ ਜੇ ਸੋਚਿਆਂ ਕੁਝ ਹੋਵੇ।

ਜ਼ਿੰਦਗੀ ਦਾ ਸਫ਼ਰ ਇਕ ਸਾਲ ਘੱਟ ਹੋ ਗਿਆ,
ਨਵੇਂ ਦਾ ਮੁਬਾਰਕਾਂ ਨਾਲ ਸਵਾਗਤ ਹੋ ਰਿਹਾ।

ਕੀ ਕਦੀ ਕਿਸੇ ਨੇ ਸੋਚਿਆ ਹੋਵੇਗਾ ਇਸ ਬਾਰੇ,
ਹਰੇਕ ਜ਼ੁਬਾਨ ’ਤੇ ਨਵਾਂ ਸਾਲ ਮੁਬਾਰਕ ਪਿਆਰੇ!

ਸਮਾਂ ਨਾ ਰੁਕੇ ਸਾਲ ਚੜ੍ਹ ਗਿਆ ਬੀਤ ਗਿਆ,
ਨਵੇਂ ਨੂੰ ਸਜਦਾ ਕਰਦੇ ਬੀਤ ਗਿਆ ਗਿਆ।

ਕੈਸੀ ਜ਼ਿੰਦਗੀ ਨਵੇਂ ਨੂੰ ਜੀ ਆਇਆਂ ਕਹਿੰਦੇ,
ਕਿਉਂ ਕਿਸੇ ਕਮੀ ਨੂੰ ਚੁੱਪ-ਚੁਪੀਤੇ ਸਹਿ ਲੈਂਦੇ?

ਜੇ ਚਿੰਤਾ ਕਰੀਏ ਬੀਤੇ ਦੀ, ਨਾ ਭੁੱਲ ਪਾਈਏ,
ਨਵੇਂ ਸਾਲ ਦੀਆਂ ਖ਼ੁਸ਼ੀਆਂ ਕਿਵੇਂ ਮਨਾਈਏ?

# ਆਜ਼ਾਦੀ ਲਈ ਮਿਟਣ ਵਾਲੇ

ਵਤਨ ਦੀ ਆਜ਼ਾਦੀ ਭਗਤ ਸਿੰਹੁ ਦੇ ਹੋਠਾਂ 'ਤੇ ਆ ਗਈ,
ਵਿਦੇਸ਼ੀ ਹਕੂਮਤ ਦੀ ਗੱਲ ਉਸ ਨੇ ਮਨ ਨੂੰ ਲਾ ਲਈ।

ਅਸੈਂਬਲੀ ਵਿੱਚ ਬੰਬ ਸੁੱਟ ਕੇ ਹਕੂਮਤ ਨੂੰ ਵੰਗਾਰਿਆ,
ਨਹੀਂ ਕਾਤਲਾਨਾ ਹਮਲਾ, ਹਕੂਮਤ ਨੂੰ ਲਲਕਾਰਿਆ।

ਅੱਜ ਗੋਲੀਆਂ ਦੀ ਵਾਛੜ ਨਾ ਵੰਗਾਰ ਨਾ ਲਲਕਾਰ,
ਇਹ ਕਦੋਂ ਘੱਟ ਅੰਗਰੇਜ਼ਾਂ ਨਾਲ਼ੋਂ ਲੋਕ ਰਹੇ ਪੁਕਾਰ?

ਸੋਲ੍ਹਾਂ ਸਾਲ ਦੀ ਉਮਰ ਕਰਤਾਰ ਸਰਾਭੇ ਮੌਤ ਵਿਆਹੀ,
ਮੌਤ ਨੂੰ ਬਣਾ ਲਾੜੀ ਫਾਂਸੀ ਦੀ ਰੱਸੀ ਗਲ ਵਿੱਚ ਪਾਈ।

ਜ਼ਿਆਦਾ ਚਿਰ ਨਹੀਂ ਰਹਿਣੀਆਂ ਗੁਲਾਮੀ ਦੀਆਂ ਜ਼ੰਜੀਰਾਂ,
ਸਾਬਤ ਕਰ ਦਿੱਤਾ ਆਪਣੇ ਵਿੱਚ ਭਾਸ਼ਣਾਂ ਅਤੇ ਤਕਰੀਰਾਂ।

ਪੜ੍ਹਨ ਲਈ ਉਹ ਵਿਦੇਸ਼ ਪਹੁੰਚਿਆ ਲੈ ਕੇ ਸੋਚ ਕੁਝ ਹੋਰ,
ਭਾਸ਼ਣਾਂ ਅਤੇ ਤਕਰੀਰਾਂ ਵਿੱਚ ਆਜ਼ਾਦੀ 'ਤੇ ਦਿਤਾ ਜ਼ੋਰ।

ਸ਼ਹੀਦਾਂ ਦੀ ਲੜੀ ਵਿੱਚ ਊਧਮ ਸਿੰਘ ਦੀ ਆਪਣੀ ਥਾਂ,
ਜੱਲਿਆਂ ਵਾਲੇ ਬਾਗ਼ ਦਾ ਬਦਲਾ ਲੈ ਕੇ ਬਣਾਇਆ ਨਾਂ।

ਲੰਡਨ ਜਾ ਕੇ ਜਨਰਲ ਐਡਵਾਇਰ ਦਾ ਕਰ ਸਫਾਇਆ,
ਆਜ਼ਾਦੀ ਦੇ ਇਤਿਹਾਸ ਵਿੱਚ ਉਸ ਨਾਮ ਲਿਖਵਾਇਆ।

ਆਪਣਿਆਂ ਹੱਥੋਂ ਮਰਨ ਵਾਲੇ ਸਰਕਾਰਾਂ ਲਈ ਸ਼ਹੀਦ,
ਦੇਸ਼ ਲਈ ਮਰਨ ਵਾਲਿਆਂ ਦੀ ਨਾ ਕਰਨ ਤਾਕੀਦ।

ਦਫ਼ਤਰਾਂ ਵਿੱਚ ਉਹਨਾਂ ਸ਼ਹੀਦਾਂ ਦੀਆਂ ਫੋਟੋਆਂ ਲੱਗਣ,
ਰਾਜਗੁਰੂ, ਸੁਖਦੇਵ, ਭਗਤ ਸਿੰਘ ਉਥੇ ਕਿਤੇ ਨਾ ਲੱਭਣ।



ਵਿਦੇਸ਼ੀ ਹਕੂਮਤ ਨਾਲ ਸਹਿਮਤ ਬਾਪੂ ਗਾਂਧੀ ਮਹਾਨ,
"ਭਾਰਤ ਛੱਡੋ" ਅੰਦੋਲਨ ਵਿਚ ਕਈਆਂ ਗਵਾਈ ਜਾਨ।

ਕੌਣ ਮਹਾਨ ਕੌਣ ਗ਼ਦਾਰ ਇਤਿਹਾਸ ਭਰੇ ਗਵਾਹੀ,
ਬਾਪੂ ਗਾਂਧੀ ਚੁੱਪ ਤਿੰਨਾਂ ਨੂੰ ਫਾਂਸੀ ਦੇਣ ਦੀ ਵਾਰੀ ਆਈ।

ਇਕ ਗੁਲਾਮੀ ਭਜਾਈ ਦੂਜੀ ਸਾਡੇ ਸਿਰਾਂ 'ਤੇ ਚੜ੍ਹ ਆਈ,
ਲੋਕ ਕਹਿ ਰਹੇ ਇਹਨਾਂ ਨਾਲੋਂ ਅੰਗਰੇਜ਼ ਚੰਗੇ ਸੀ ਭਾਈ।

## ਆਜ਼ਾਦੀ ਲਈ ਮਿਟਣ ਵਾਲੇ

ਵਤਨ ਦੀ ਆਜ਼ਾਦੀ ਭਗਤ ਸਿੰਹੁ ਦੇ ਹੋਠਾਂ 'ਤੇ ਆ ਗਈ,
ਵਿਦੇਸ਼ੀ ਹਕੂਮਤ ਦੀ ਗੱਲ ਉਸ ਨੇ ਮਨ ਨੂੰ ਲਾ ਲਈ।

ਅਸੈਂਬਲੀ ਵਿੱਚ ਬੰਬ ਸੁੱਟ ਕੇ ਹਕੂਮਤ ਨੂੰ ਵੰਗਾਰਿਆ,
ਨਹੀਂ ਕਾਤਲਾਨਾ ਹਮਲਾ, ਹਕੂਮਤ ਨੂੰ ਲਲਕਾਰਿਆ।

ਅੱਜ ਗੋਲੀਆਂ ਦੀ ਵਾਛੜ ਨਾ ਵੰਗਾਰ ਨਾ ਲਲਕਾਰ,
ਇਹ ਕਦੋਂ ਘੱਟ ਅੰਗਰੇਜ਼ਾਂ ਨਾਲ਼ੋਂ ਲੋਕ ਰਹੇ ਪੁਕਾਰ?

ਸੋਲ੍ਹਾਂ ਸਾਲ ਦੀ ਉਮਰ ਕਰਤਾਰ ਸਰਾਭੇ ਮੌਤ ਵਿਆਹੀ,
ਮੌਤ ਨੂੰ ਬਣਾ ਲਾੜੀ ਫਾਂਸੀ ਦੀ ਰੱਸੀ ਗਲ ਵਿੱਚ ਪਾਈ।

ਜ਼ਿਆਦਾ ਚਿਰ ਨਹੀਂ ਰਹਿਣੀਆਂ ਗੁਲਾਮੀ ਦੀਆਂ ਜ਼ੰਜੀਰਾਂ,
ਸਾਬਤ ਕਰ ਦਿੱਤਾ ਆਪਣੇ ਵਿੱਚ ਭਾਸ਼ਣਾਂ ਅਤੇ ਤਕਰੀਰਾਂ।

ਪੜ੍ਹਨ ਲਈ ਉਹ ਵਿਦੇਸ਼ ਪਹੁੰਚਿਆ ਲੈ ਕੇ ਸੋਚ ਕੁਝ ਹੋਰ,
ਭਾਸ਼ਣਾਂ ਅਤੇ ਤਕਰੀਰਾਂ ਵਿੱਚ ਆਜ਼ਾਦੀ 'ਤੇ ਦਿਤਾ ਜ਼ੋਰ।

ਸ਼ਹੀਦਾਂ ਦੀ ਲੜੀ ਵਿੱਚ ਊਧਮ ਸਿੰਘ ਦੀ ਆਪਣੀ ਥਾਂ,
ਜੱਲਿਆਂ ਵਾਲੇ ਬਾਗ਼ ਦਾ ਬਦਲਾ ਲੈ ਕੇ ਬਣਾਇਆ ਨਾਂ।

ਲੰਡਨ ਜਾ ਕੇ ਜਨਰਲ ਐਡਵਾਇਰ ਦਾ ਕਰ ਸਫਾਇਆ,
ਆਜ਼ਾਦੀ ਦੇ ਇਤਿਹਾਸ ਵਿੱਚ ਉਸ ਨਾਮ ਲਿਖਵਾਇਆ।

ਆਪਣਿਆਂ ਹੱਥੋਂ ਮਰਨ ਵਾਲੇ ਸਰਕਾਰਾਂ ਲਈ ਸ਼ਹੀਦ,
ਦੇਸ਼ ਲਈ ਮਰਨ ਵਾਲਿਆਂ ਦੀ ਨਾ ਕਰਨ ਤਾਕੀਦ।

ਦਫ਼ਤਰਾਂ ਵਿੱਚ ਉਹਨਾਂ ਸ਼ਹੀਦਾਂ ਦੀਆਂ ਫੋਟੋਆਂ ਲੱਗਣ,
ਰਾਜਗੁਰੂ, ਸੁਖਦੇਵ, ਭਗਤ ਸਿੰਘ ਉਥੇ ਕਿਤੇ ਨਾ ਲੱਭਣ।



ਵਿਦੇਸ਼ੀ ਹਕੂਮਤ ਨਾਲ ਸਹਿਮਤ ਬਾਪੂ ਗਾਂਧੀ ਮਹਾਨ,
"ਭਾਰਤ ਛੱਡੋ" ਅੰਦੋਲਨ ਵਿਚ ਕਈਆਂ ਗਵਾਈ ਜਾਨ।

ਕੌਣ ਮਹਾਨ ਕੌਣ ਗ਼ਦਾਰ ਇਤਿਹਾਸ ਭਰੇ ਗਵਾਹੀ,
ਬਾਪੂ ਗਾਂਧੀ ਚੁੱਪ ਤਿੰਨਾਂ ਨੂੰ ਫਾਂਸੀ ਦੇਣ ਦੀ ਵਾਰੀ ਆਈ।

ਇਕ ਗੁਲਾਮੀ ਭਜਾਈ ਦੂਜੀ ਸਾਡੇ ਸਿਰਾਂ 'ਤੇ ਚੜ੍ਹ ਆਈ,
ਲੋਕ ਕਹਿ ਰਹੇ ਇਹਨਾਂ ਨਾਲੋਂ ਅੰਗਰੇਜ਼ ਚੰਗੇ ਸੀ ਭਾਈ।

www.PunjabiLibrary.com